hamdardtvcanada | @hamdardmediagroup | ads@hamdardtv.ca
24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www hamdardmediagroup.com ਤੇ ਵਿਜਿਟ ਕਰੋ

Daily Hamdard

17 ਨਵੰਬਰ, 2026

Estd.1991

ਹਮਦਰਦ

HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada

www.hamdardmediagroup.com | Email: ads@hamdardtv.ca | Ph: 905.791.9999

ਅਮਰੀਕਾ ਨੇ ਡਿਪੋਰਟ ਕੀਤੇ 4.83 ਲੱਖ ਗੈਰਕਾਨੂੰਨੀ ਪ੍ਰਵਾਸੀ

ਟਰੰਪ ਸਰਕਾਰ ਦੇ ਤਾਜ਼ਾ ਅੰਕੜਿਆਂ ਵਿਚ 6,300 ਭਾਰਤੀ

ਨਿਊ ਯਾਰਕ, 16 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਮਹਿਕਮੇ ਵੱਲੋਂ 4 ਲੱਖ 92 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਅਤੇ 4 ਲੱਖ 83 ਹਜ਼ਾਰ ਨੂੰ ਡਿਪੋਰਟ ਕਰਨ ਦਾ ਦਾਅਵਾ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ 6300 ਤੋਂ ਵੱਧ ਭਾਰਤੀ ਦੱਸੇ ਜਾ ਰਹੇ ਹਨ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਨੇ ਆਈਸ ਵਾਲਿਆਂ ਦੀ ਪਿੱਠ ਥਾਪੜਦਿਆਂ ਕਿਹਾ ਕਿ ਐਨੇ ਦੇਸ਼ ਨਿਕਾਲੇ ਜੋਅ ਬਾਇਡਨ ਦੇ ਪੂਰੇ ਕਾਰਜਕਾਲ ਦੌਰਾਨ ਵੀ ਨਹੀਂ ਸਨ ਦਿਤੇ ਗਏ। ਡੀ.ਐਚ.ਐਸ. ਵੱਲੋਂ ਜਾਰੀ ਅੰਕੜਿਆਂ ਮੁਤਾਬਕ ਇਕੱਲੇ ਸਤੰਬਰ ਮਹੀਨੇ ਦੌਰਾਨ 48 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕੀਤਾ ਗਿਆ ਅਤੇ 45 ਹਜ਼ਾਰ ਡਿਪੋਰਟ ਕਰ ਦਿਤੇ। ਅਮਰੀਕਾ ਦੇ ਗ੍ਰਹਿ ਸੁਰੱਖਿਆ ਮੰਤਰੀ ਮਾਰਕਵੇਨ ਮੂਲੀਨ ਵੱਲੋਂ 1 ਅਕਤੂਬਰ 2025 ਤੋਂ 30 ਸਤੰਬਰ 2026 ਤੱਕ ਦੇ ਅੰਕੜਿਆਂ ਨੂੰ ਇਤਿਹਾਸਕ ਕਰਾਰ ਦਿਤਾ ਗਿਆ ਹੈ। ਬੀਤੇ ਸਤੰਬਰ ਮਹੀਨੇ ਦੀ ਮਿਸਾਲ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਟਰੰਪ ਸਰਕਾਰ ਨੇ ਬਾਇਡਨ ਦੇ ਮੁਕਾਬਲੇ 300 ਫ਼ੀ ਸਦੀ ਵੱਧ ਗੈਰਕਾਨੂੰਨੀ ਪ੍ਰਵਾਸੀ ਡਿਪੋਰਟ ਕੀਤੇ।

ਡੋਨਲਡ ਟਰੰਪ ਦੇ ਸੱਤਾ ਸੰਭਾਲਣ ਮਗਰੋਂ ਡਿਪੋਰਟ ਕੀਤੇ ਪ੍ਰਵਾਸੀਆਂ ਦੀ ਗਿਣਤੀ 12 ਲੱਖ ਤੋਂ ਟੱਪਣ ਅਤੇ ਹਿਰਾਸਤ ਵਿਚ ਲਏ ਪ੍ਰਵਾਸੀਆਂ ਅੰਕੜਾ 12 ਲੱਖ 50 ਹਜ਼ਾਰ ਤੋਂ ਪਾਰ ਹੋਣ ਦਾ ਜ਼ਿਕਰ ਕਰਦਿਆਂ ਮਾਰਵੇਨ ਮੂਲੀਨ ਨੇ ਦੱਸਿਆ ਕਿ ਬੀਤੇ ਅਕਤੂਬਰ ਮਹੀਨੇ ਤੱਕ 3



ਮਿਲੀਅਨ ਤੋਂ ਵੱਧ ਪ੍ਰਵਾਸੀ ਅਮਰੀਕਾ ਛੱਡ ਗਏ। ਟਰੰਪ ਸਰਕਾਰ ਦੇ ਦਾਅਵਿਆਂ ਬਾਰੇ ਵੱਖ ਵੱਖ ਮੀਡੀਆ ਅਦਾਰਿਆਂ ਵੱਲੋਂ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਬਰਾਕ ਓਬਾਮਾ ਦੇ ਕਾਰਜਕਾਲ ਵੇਲੇ ਆਈਸ ਦੇ ਕਾਰਜਕਾਰੀ ਡਾਇਰੈਕਟਰ ਰਹੇ ਜੌਹਨ ਸੈਂਡਵੈਗ ਨੇ ਦਲੀਲ ਦਿਤੀ ਕਿ ਅਸਲ ਰਿਕਾਰਡ 2012 ਵਿਚ ਬਣਿਆ ਜਦੋਂ 4 ਲੱਖ 10 ਹਜ਼ਾਰ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ। ਉਧਰ, ਭਾਰਤੀ ਨਾਗਰਿਕਾਂ ਦੀ ਗੱਲ ਕੀਤੀ ਜਾਵੇ ਤਾਂ ਆਈਸ ਵੱਲੋਂ ਅਮਨ ਕੁਮਾਰ ਅਤੇ ਰਜਿੰਦਰ ਕੁਮਾਰ ਦੀਆਂ ਤਸਵੀਰਾਂ ਜਾਰੀ ਕਰਦਿਆਂ ਡਿਪੋਰਟ ਪ੍ਰਵਾਸੀਆਂ ਵਿਚ ਦੋਹਾਂ ਦੀ ਸ਼ਮੂਲੀਅਤ ਦੇ ਸੰਕੇਤ ਦਿਤੇ ਗਏ ਹਨ। ਅਮਨ ਕੁਮਾਰ ਨੂੰ ਆਈਸ ਵਾਲਿਆਂ ਨੇ ਮਈ 2026 ਵਿਚ ਕੈਲੇਫੋਰਨੀਆ ਦੇ ਫ਼ਰਿਜ਼ਨੋ ਤੋਂ ਹਿਰਾਸਤ ਵਿਚ ਲਿਆ ਜਿਸ ਵਿਰੁੱਧ ਹਿਟ ਐਂਡ ਰਾਨ ਮਾਮਲੇ ਵਿਚ ਸ਼ਾਮਲ ਹੋਣ ਦੇ ਦੋਸ਼ ਲੱਗੇ ਸਨ। ਫਰਿਜ਼ਨੋ ਦੇ ਸ਼ੈਰਿਫ਼ ਦਫ਼ਤਰ ਨੇ ਹਾਦਸੇ ਤੋਂ ਇਕ ਦਿਨ ਬਾਅਦ ਅਮਨ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਜਲਦ ਹੀ ਜ਼ਮਾਨਤ ਦੇ ਦਿਤੀ। ਇਸ ਮਗਰੋਂ ਆਈਸ ਨੇ ਕਾਰਵਾਈ ਕਰਦਿਆਂ ਦਿੱਲੀ ਵਾਲੇ ਜਹਾਜ਼ ਵਿਚ ਬਿਠਾ ਦਿਤਾ। ਇਸੇ ਤਰ੍ਹਾਂ ਟਰੱਕ ਡਰਾਈਵਰ ਰਜਿੰਦਰ ਕੁਮਾਰ ਨੂੰ ਔਰੇਗਨ ਸੂਬੇ ਵਿਚ ਨਵੇਂ ਵਿਆਹੇ ਜੋੜੇ ਦੀ ਮੌਤ ਦਾ ਦੋਸ਼ੀ ਮੰਨਦਿਆਂ ਅਪ੍ਰੈਲ 2026 ਦੌਰਾਨ ਹਿਰਾਸਤ ਵਿਚ ਲਿਆ ਗਿਆ ਪਰ ਕੁਝ ਸਮੇਂ ਬਾਅਦ ਜ਼ਮਾਨਤ ਮਿਲ ਗਈ।

ਹੁਣ ਆਈਸ ਵਾਲੇ ਰਜਿੰਦਰ ਕੁਮਾਰ ਨੂੰ ਡਿਪੋਰਟ ਕਰਨ ਦਾ ਦਾਅਵਾ ਕਰ ਰਹੇ ਹਨ। ਦੂਜੇ ਪਾਸੇ ਮੈਕਸੀਕੋ ਦੇ ਬਾਰਡਰ ਰਾਹੀਂ ਦਾਖ਼ਲ ਹੋਣ ਵਾਲਿਆਂ ਨੂੰ ਅਸਾਇਲਮ ਮੰਗਣ ਦੇ ਹੱਕ ਤੋਂ ਵਾਂਝਾ ਕੀਤੇ ਜਾਣ ਦਾ ਮੁਕੱਦਮਾ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਹੇਠਲੀਆਂ ਅਦਾਲਤਾਂ ਟਰੰਪ ਸਰਕਾਰ ਦੀ ਇਸ ਨੀਤੀ ਨੂੰ ਗੈਰਕਾਨੂੰਨੀ ਕਰਾਰ ਦੇ ਚੁੱਕੀਆਂ ਹਨ।

ਕੈਨੇਡਾ 'ਚ ਵਰਿੰਦਰ ਹੁੰਦਲ 'ਤੇ ਲੱਗੇ ਕੋਕੀਨ ਤਸਕਰੀ ਦੇ ਦੋਸ਼

ਪੁਲਿਸ ਵੱਲੋਂ ਲੱਖਾਂ ਡਾਲਰ ਦੀ ਕੋਕੀਨ ਸਣੇ ਕਾਬੂ ਕਰਨ ਦਾ ਦਾਅਵਾ



ਟੋਰਾਂਟੋ, 16 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ 32 ਸਾਲਾ ਵਰਿੰਦਰ ਹੁੰਦਲ ਨੂੰ ਸਵਾ ਕਰੋੜ ਡਾਲਰ ਦੇ ਕੋਕੀਨ ਬਣੇ ਗ੍ਰਿਫ਼ਤਾਰ ਕਰਨ ਦਾ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦਾਅਵਾ ਕੀਤਾ ਹੈ ਜਦਕਿ ਅੰਨ੍ਹੇਵਾਹ ਟਰੱਕ ਚਲਾਉਂਦਿਆਂ ਜਾਨਲੇਵਾ ਹਾਦਸੇ ਨੂੰ ਅੰਜਾਮ ਦੇਣ ਵਾਲੇ ਗੁਰਸ਼ਰਨ ਸਿੰਘ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿਤਾ ਹੈ ਜਿਸ ਨੂੰ ਸਜ਼ਾ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦੱਸਿਆ ਕਿ ਹਾਈਵੇਅ 11/17 'ਤੇ ਲੂਨ ਲੇਕ ਇਲਾਕੇ ਵਿਚ ਨਾਕੇ ਦੌਰਾਨ ਇਕ ਗੱਡੀ ਨੂੰ ਰੋਕਿਆ ਗਿਆ ਜਿਸ ਵਿਚੋਂ 100 ਕਿਲੋ ਕੋਕੀਨ ਬਰਾਮਦ ਹੋਈ। ਕੈਮਾਂਤਰੀ ਬਾਜ਼ਾਰ ਵਿਚ ਕੋਕੀਨ ਦੀ ਕੀਮਤ ਇਕ ਕਰੋੜ 15 ਲੱਖ ਡਾਲਰ ਬਣਦੀ ਹੈ।

ਕੈਲਗਰੀ ਦੇ ਵਰਿੰਦਰ ਹੁੰਦਲ ਵਿਰੁੱਧ ਤਸਕਰੀ ਦੇ ਮਕਸਦ ਨਾਲ ਨਸ਼ੀਲਾ ਪਦਾਰਥ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ ਅਤੇ ਥੰਡਰ ਬੇਅ ਦੀ ਉਨਟਾਰੀਓ ਕੋਰਟ ਆਫ਼ ਜਸਟਿਸ ਵਿਚ ਪੇਸ਼ੀ ਹੋਵੇਗੀ। ਦੂਜੇ ਪਾਸੇ ਜਨਵਰੀ 2023 ਵਿਚ ਵਾਪਰੇ ਹਾਦਸੇ ਦੌਰਾਨ ਗੁਰਸ਼ਰਨ ਸਿੰਘ ਦੇ ਟਰੱਕ ਦੀ ਟੱਕਰ ਵੱਜਣ ਕਰ ਕੇ ਇਕ ਜਣੇ ਦੀ ਮੌਤ ਹੋ ਗਈ ਅਤੇ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਉਹ ਤੈਅਸ਼ੁਦਾ ਰਫ਼ਤਾਰ ਤੋਂ ਤਕਰੀਬਨ 20 ਕਿਲੋਮੀਟਰ ਤੇਜ਼ ਜਾ ਰਿਹਾ ਸੀ।

ਕੈਨੇਡਾ : ਸਿਹਤ ਸਹੂਲਤਾਂ 'ਤੇ ਖ਼ਰਚ ਹੋ ਰਹੇ 433 ਅਰਬ ਡਾਲਰ

ਪ੍ਰਤੀ ਵਿਅਕਤੀ ਖ਼ਰਚਾ 10,398 ਡਾਲਰ ਤੱਕ ਪੁੱਜਾ

ਟੋਰਾਂਟੋ, 16 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਸਰਕਾਰ ਵੱਲੋਂ ਹੈਲਥ ਕੇਅਰ ਉਤੇ 433 ਅਰਬ ਡਾਲਰ ਦੀ ਭਾਰੀ ਭਰਕਮ ਰਕਮ ਖ਼ਰਚ ਕੀਤੇ ਜਾਣ ਦੇ ਬਾਵਜੂਦ ਐਮਰਜੰਸੀ ਰੂਮਜ਼ ਵਿਚ ਘੰਟਿਆਂਬੱਧੀ ਲੰਮੀ ਉਡੀਕ, ਹਸਪਤਾਲਾਂ ਵਿਚ ਸਮਰੱਥਾ ਤੋਂ ਵੱਧ ਮਰੀਜ਼ ਅਤੇ ਫ਼ੈਮਿਲੀ ਡਾਕਟਰ ਨਾ ਮਿਲਣ ਵਰਗੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਕਾਇਮ ਹਨ ਜਿਨ੍ਹਾਂ ਨੂੰ ਵੇਖਦਿਆਂ ਮਾਹਰਾਂ ਨੇ ਸੁਚੇਤ ਕੀਤਾ ਹੈ ਕਿ ਵਾਧੂ ਰਕਮ ਸਿਹਤ ਸਹੂਲਤਾਂ ਵਿਚ ਸੁਧਾਰ ਨਹੀਂ ਕਰ ਸਕਦੀ। ਕੋਰੋਨਾ ਮਹਾਂਮਾਰੀ ਮਗਰੋਂ ਪਹਿਲੀ ਵਾਰ ਸਾਹਮਣੇ ਆਈ ਕੈਨੇਡੀਅਨ ਇੰਸਟੀਚਿਊਟ ਆਫ਼ ਹੈਲਥ ਇਨਫ਼ਰਮੇਸ਼ਨ ਦੀ ਰਿਪੋਰਟ ਕਹਿੰਦੀ ਹੈ ਕਿ 2026 ਦੌਰਾਨ ਪ੍ਰਤੀ ਵਿਅਕਤੀ 10,398 ਡਾਲਰ ਹੈਲਥ ਕੇਅਰ ਉਤੇ ਖ਼ਰਚ ਕੀਤੇ ਜਾ ਰਹੇ ਹਨ ਅਤੇ ਇਹ ਰਕਮ ਪਿਛਲੇ ਸਾਲ ਦੇ ਮੁਕਾਬਲੇ 4.8 ਫ਼ੀ ਸਦੀ ਵੱਧ ਬਣਦੀ ਹੈ। ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਪ੍ਰੋਫੈਸਰ ਜੇਸਲ ਸਦਰਲੈਂਡ ਦਾ ਕਹਿਣਾ ਸੀ ਕਿ ਵੱਧ ਖ਼ਰਚੇ ਨਾਲ ਸਿਹਤ



ਸਹੂਲਤਾਂ ਵਿਚ ਵਾਧਾ ਨਹੀਂ ਕੀਤਾ ਜਾ ਸਕਦਾ। ਹੈਲਥ ਕੇਅਰ ਸੈਕਟਰ ਵਿਚ ਸੁਧਾਰ ਵਾਸਤੇ ਨਵੇਂ ਸਿਰੇ ਤੋਂ ਵਿਉਂਤਬੰਦੀ ਕੀਤੇ ਜਾਣ ਦੀ ਸਖ਼ਤ ਜ਼ਰੂਰਤ ਹੈ। ਰਿਪੋਰਟ ਮੁਤਾਬਕ ਕੈਨੇਡਾ ਨੇ 2024 ਦੌਰਾਨ ਆਪਣੇ ਕੁਲ ਜੀ.ਡੀ.ਪੀ. ਦਾ 11.5 ਫ਼ੀ ਸ ਦੀ ਹਿੱਸਾ ਸਿਹਤ ਸੰਭਾਲ ਸਹੂਲਤਾਂ 'ਤੇ ਖ਼ਰਚ ਕੀਤਾ ਜੋ ਵਿਕਸਤ ਮੁਲਕਾਂ ਦੇ 9.3 ਫ਼ੀ ਸਦੀ ਦੇ ਔਸਤ ਤੋਂ ਕਿਤੇ ਜ਼ਿਆਦਾ ਬਣਦਾ ਹੈ।

ਫ਼ਰਾਂਸ ਵਿਚ ਹੈਲਥ ਕੇਅਰ ਸੈਕਟਰ ਉਤੇ ਮੁਲਕ ਦੇ ਜੀ.ਡੀ.ਪੀ. ਦਾ 11.3 ਫ਼ੀ ਸਦੀ ਰਕਮ ਖ਼ਰਚ ਕੀਤੀ ਜਾ ਰਹੀ ਹੈ ਅਤੇ ਸਵੀਡਨ ਵਿਚ ਇਹ ਅੰਕੜਾ 11.2 ਫ਼ੀ ਸਦੀ ਬਣਦਾ ਹੈ। ਜਰਮਨੀ ਵਿਚ 12.2 ਫ਼ੀ ਸਦੀ ਅਤੇ ਅਮਰੀਕਾ ਵਿਚ 17.2 ਫ਼ੀ ਸਦੀ ਰਕਮ ਸਿਹਤ ਸੰਭਾਲ ਸਹੂਲਤਾਂ 'ਤੇ ਖ਼ਰਚ ਕੀਤੀ ਜਾਂਦੀ ਹੈ। ਉਧਰ, ਯੂਨੀਵਰਸਿਟੀ ਆਫ਼ ਟੋਰਾਂਟੋ ਦੇ ਇੰਸਟੀਚਿਊਟ ਆਫ਼ ਹੈਲਥ ਪੌਲਿਸੀ ਦੀ ਐਸੋਸੀਏਟ ਪ੍ਰੋਫੈਸਰ ਸਾਰਾ ਐਲਿਨ ਨੇ ਦੱਸਿਆ ਕਿ ਕੈਨੇਡਾ ਦਾ ਹੈਲਥ ਬਜਟ ਘੱਟ ਨਹੀਂ ਪਰ ਨਿਵੇਸ਼ ਦੇ ਟੀਚੇ ਹਾਸਲ ਕਰਨੇ ਬੇਹੱਦ ਜ਼ਰੂਰੀ ਹਨ। ਕੈਨੇਡਾ ਵਿਚ ਲੋਕਾਂ ਦੀ ਲੰਮੀ ਉਮਰ, ਵੈਕਸੀਨੇਸ਼ਨ ਦਰ ਅ ਤੇ ਹੋਰ ਕਈ ਚੀਜ਼ਾਂ ਦੁਨੀਆਂ ਦੇ ਚੋਣਵੇਂ ਮੁਲਕਾਂ ਦੇ ਮੁਕਾਬਲੇ ਬਿਹਤਰ ਹਨ ਪਰ ਸਿਹਤ ਸਹੂਲਤਾਂ ਤੱਕ ਪਹੁੰਚ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਦੇ ਤੌਰ-ਤਰੀਕੇ ਕਾਰਗਰ ਸਾਬਤ ਨਹੀਂ ਹੋ ਰਹੇ। ਸੀ.ਆਈ.ਐਚ.ਆਈ. ਦਾ ਮੰਨਣਾ ਹੈ ਮਹਿੰਗਾਈ ਦੇ ਹਿਸਾਬ ਨਾਲ ਕੈਨੇਡਾ ਸਰਕਾਰ ਹੈਲਥ ਕੇਅਰ ਸੈਕਟਰ ਵਾਸਤੇ 5 ਅਰਬ ਡਾਲਰ ਦੀ ਵਾਧੂ ਰਕਮ ਖ਼ਰਚ ਕਰ ਸਕਦੀ ਹੈ ਜਿਸ ਦਾ ਸਿੱਧਾ ਫਾਇਦਾ ਲੋਕਾਂ ਤੱਕ ਪੁੱਜਦਾ ਕਰਨ ਵਾਸਤੇ ਗੁੰਝਲਦਾਰ ਪ੍ਰਕਿਰਿਆ ਨੂੰ ਵਧੇਰੇ ਸੁਖਾਲਾ ਬਣਾਉਣਾ ਹੋਵੇਗਾ।

ਅਮਰੀਕਾ : 50-50 ਫੁੱਟ ਉਚੀਆਂ ਸਮੁੰਦਰੀ ਛੱਲਾਂ ਨੇ ਲਿਆਂਦੇ ਹੜ੍ਹ

ਸੁਪਰ ਅਲ-ਨੀਨੋ ਦਾ ਤਟਵਰਤੀ ਇਲਾਕਿਆਂ ਵਿਚ ਵੱਡਾ ਅਸਰ

ਸੈਨ ਫ਼ਰਾਂਸਿਸਕੋ, 16 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਤੇਜ਼ ਹਵਾਵਾਂ ਨਾਲ ਉਠੀਆਂ 50-50 ਫੁੱਟ ਉਚੀਆਂ ਸਮੁੰਦਰੀ ਛੱਲਾਂ ਨੇ ਕਈ ਤਟਵਰਤੀ ਸ਼ਹਿਰਾਂ ਵਿਚ ਜਲ-ਥਲ ਕਰ ਦਿਤਾ ਅਤੇ ਅਹਿਤਿਆਤ ਵਜੋਂ ਕਈ ਬੀਚ ਮਨੁੱਖੀ ਆਵਾਜਾਈ ਵਾਸਤੇ ਬੰਦ ਕਰਨੇ ਪਏ। ਕੈਲੇਫੋਰਨੀਆ ਦੇ ਬੇਅ ਏਰੀਆ ਵਿਚ ਸਭ ਤੋਂ ਵੱਧ ਅਸਰ ਦੇਖਣ ਨੂੰ ਮਿਲਿਆ ਜਿਥੇ ਪੈਸੇਫ਼ਿਕਾ ਕਸਬੇ ਦੀਆਂ ਗਲੀਆਂ ਵਿਚ ਬਗੈਰ ਮੀਂਹ ਤੋਂ ਹੜ੍ਹ ਆ ਗਏ। ਹਰ ਅੱਧੇ ਬਾਅਦ ਉਠ ਰਹੀਆਂ ਛੱਲਾਂ ਧਰਤੀ ਦੇ ਅੰਦਰ ਸੈਂਕੜੇ ਫੁੱਟ ਮਾਰ ਕਰ ਰਹੀਆਂ ਸਨ। ਟੈਕੇ ਬੈਲ ਕੈਨਟੀਨਾ ਵਿਖੇ ਹਾਈਵੇਅ 1 'ਤੇ ਇਕ ਫੁੱਟ ਤੱਕ ਪਾਣੀ ਰੁੜ੍ਹਦਾ ਨਜ਼ਰ ਆਇਆ ਅਤੇ ਗੱਡੀਆਂ ਦੀ ਆਵਾਜਾਈ ਰੋਕ ਦਿਤੀ ਗਈ। ਸੈਨ ਫ਼ਰਾਂਸਿਸਕੋ ਦੇ ਦੱਖਣ ਵੱਲ ਸੈਨ ਮੈਟੀਓ ਕਾਊਂਟੀ ਵਿਚ ਸਮੁੰਦਰੀ ਛੱਲਾਂ ਦੀ ਉੱਚਾਈ 50 ਫੁੱਟ ਤੋਂ ਜ਼ਿਆਦਾ ਦਰਜ ਕੀਤੀ ਗਈ। ਇਸ ਤੋਂ ਪਹਿਲਾਂ ਦਸਬੰਰ 2015 ਵਿਚ ਅਮਰੀਕਾ ਦੇ ਸਮੁੰਦਰੀ ਕੰਢਿਆਂ 'ਤੇ ਐਨੀਆਂ ਉਚੀਆਂ ਛੱਲਾਂ ਉਠੀਆਂ ਪਰ ਉਨ੍ਹਾਂ ਦੀ ਉਚਾਈ ਵੀ ਇਕ ਫੁੱਟ



ਘੱਟ ਰਹੀ। ਐਤਵਾਰ ਨੂੰ 35 ਫੁੱਟ ਤੋਂ ਘੱਟ ਉਚੀਆਂ ਲਹਿਰਾਂ ਵਾਲੇ ਇਲਾਕੇ ਵਿਚ ਸਰਫ਼ਿੰਗ ਦੀ ਇਜਾਜ਼ਤ ਦਿਤੀ ਗਈ ਅਤੇ ਨੈਸ਼ਨਲ ਵੈਦਰ ਸਰਵਿਸ ਨੇ ਆਮ ਲੋਕਾਂ ਨੂੰ ਸਮੁੰਦਰੀ ਕੰਢਿਆਂ ਨੇੜੇ ਨਾ ਜਾਣ ਦਾ ਸੁਝਾਅ ਦਿਤਾ। ਸੈਂਟਾ ਕਰੂਜ਼ ਕਾਊਂਟੀ ਵਿਚ ਸ਼ੈਰਿਫ਼ ਦਫ਼ਤਰ ਵੱਲੋਂ ਨੀਵੇਂ ਇਲਾਕੇ ਖ਼ਾਲੀ ਕਰਨ ਦੇ ਹੁਕਮ ਦਿਤੇ ਗਏ। ਵੈਂਚੁਰਾ, ਮੈਨਹਟਨ ਬੀਚ, ਹੰਟਿੰਗਟਨ ਬੀਚ ਅਤੇ ਸੈਨ ਡਿਐਗੋ ਦੇ ਪੈਸੇਫ਼ਿਕ ਬੀਚ ਅਹਿਤਿਆਤੀ ਤੌਰ 'ਤੇ ਬੰਦ ਰੱਖੇ ਗਏ। ਕੁਦਰਤ ਦੇ ਨਜ਼ਾਰੇ ਦੇਖਣ ਦੇ ਇੱਛਕ ਲੋਕਾਂ ਨੂੰ ਸੁਮੰਦਰੀ ਕੰਢੇ ਤੋਂ ਘੱਟੋ ਘੱਟ 100 ਦੂਰ ਰਹਿਣ ਦੀਆਂ ਹਦਾਇਤਾਂ ਵੀ ਜਾਰੀ ਹੋਈਆਂ। ਚਿਤਾਨਵੀ ਸੁਨੇਹੇ ਵਿਚ ਕਿਹਾ ਗਿਆ ਕਿ ਹਵਾਵਾਂ ਦੀ ਰਫ਼ਤਾਰ ਛੋਟੀਆਂ ਕਿਸ਼ਤੀਆਂ ਨੂੰ ਸਮੁੰਦਰ ਵਿਚ ਗਰਕ ਕਰਨ ਦੀ ਤਾਕਤ ਰਖਦੀ ਹੈ ਜਿਸ ਦੇ ਮੱਦੇਨਜ਼ਰ ਕਿਸ਼ਤੀਆਂ ਵਿਚ ਸਵਾਰ ਹੋਣ ਜਾਂ ਪਾਣੀ ਵਿਚ ਕੋਈ ਸਰਗਰਮੀ ਕਰਨ ਦੇ ਯਤਨ ਨਾ ਕੀਤੇ ਜਾਣ। ਦੂਜੇ ਪਾਸੇ ਕੁਝ ਲੋਕਾਂ ਨੇ ਚਿਤਾਵਨੀ ਦੀ ਪਰਵਾਹ ਨਾ ਕਰਦਿਆਂ ਸਮੁੰਦਰ ਵਿਚ ਸਰਫ਼ਿੰਗ ਸ਼ੁਰੂ ਕਰ ਦਿਤੀ। ਲੋਕ ਦਲੀਲ ਦੇ ਰਹੇ ਸਨ ਕਿ ਐਨੀਆਂ ਉਚੀਆਂ ਲਹਿਰਾਂ ਵਿਚ ਸਰਫ਼ਿੰਗ ਕਰਨ ਦਾ ਆਨੰਦ ਹੀ ਵੱਖਰਾ ਹੈ। ਯੂ.ਐਸ. ਪਾਰਕ ਸਰਵਿਸ ਦੀ ਵਾਲੰਟੀਅਰ ਸੂਜ਼ਨ ਐਰਨ ਨੇ ਦੱਸਿਆ ਕਿ ਬਚਾਅ ਕਾਮੇ ਤਿਆਰ ਬਰ ਤਿਆਰ ਸਨ ਪਰ ਅਜਿਹੀ ਕੋਈ ਐਮਰਜੰਸੀ ਪੈਦਾ ਨਾ ਹੋਈ।

ਉਧਰ, ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਸੁਪਰ ਅਲ ਨੀਨੋ ਦਾ ਅਸਰ ਸਾਫ਼ ਤੌਰ 'ਤੇ ਨਜ਼ਰ ਆ ਰਿਹਾ ਹੈ ਅਤੇ ਸਰਦ ਰੁੱਤ ਵਿਚ ਸਮੁੰਦਰ ਹੋਰ ਵੀ ਕਹਿਰ ਢਾਹ ਸਕਦਾ ਹੈ। ਮਾਹਰਾਂ ਮੁਤਾਬਕ ਵਾਰ-ਵਾਰ ਉਠਣ ਵਾਲੀਆਂ ਅਜਿਹੀਆਂ ਛੱਲਾਂ ਕੈਲੇਫੋਰਨੀਆ ਦੇ ਸਮੁੰਦਰੀ ਕੰਢਿਆਂ 'ਤੇ ਅਰਬਾਂ ਡਾਲਰ ਦਾ ਨੁਕਸਾਨ ਕਰ ਸਕਦੀਆਂ ਹਨ।

ਅਮਰੀਕਾ ਦੇ ਏਅਰਪੋਰਟ ’ਤੇ 2 ਜਹਾਜ਼ਾਂ ਦੀ ਟੱਕਰ

ਫ਼ੈਡਰਲ ਐਵੀਏਸ਼ਨ ਅਥਾਰਟੀ ਕਰ ਰਹੀ ਹਾਦਸੇ ਦੀ ਪੜਤਾਲ

ਮਿਆਮੀ, 16 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਇੰਟਰਨੈਸ਼ਨਲ ਏਅਰਪੋਰਟ ‘ਤੇ 2 ਹਵਾਈ ਜਹਾਜ਼ਾਂ ਦੀ ਟੱਕਰ ਨੇ 172 ਮੁਸਾਫ਼ਰਾਂ ਦੇ ਸਾਹ ਸੁਕਾ ਦਿਤੇ। ਮਿਆਮੀ ਹਵਾਈ ਅੱਡੇ ‘ਤੇ ਵਾਪਰੇ ਹਾਦਸੇ ਦੌਰਾਨ ਪਨਾਮਾ ਸਿਟੀ ਤੋਂ ਆਇਆ ਕੋਪਾ ਏਅਰਲਾਈਨਜ਼ ਦਾ ਜਹਾਜ਼ ਟੇਕਆਫ਼ ਲਈ ਵਧ ਰਹੇ ਯੂ.ਪੀ.ਐਸ. ਦੇ ਕਾਰਗੋ ਜਹਾਜ਼ ਵਿਚ ਜਾ ਵੱਜਾ। ਹਾਦਸੇ ਦੌਰਾਨ 2 ਜਣਿਆਂ ਦੇ ਜ਼ਖ਼ਮੀ ਹੋਣ ਦੀ ਰਿਪੋਰਟ ਹੈ ਜਦਕਿ ਇਕ ਜਹਾਜ਼ ਦਾ ਮੂਹਰਲਾ



ਹਿੱਸਾ ਨੁਕਸਾਨਿਆ ਗਿਆ ਅਤੇ ਦੂਜੇ ਜਹਾਜ਼ ਦਾ ਖੰਭ ਟੁੱਟ ਗਿਆ। ਹਾਦਸੇ ਵੇਲੇ ਦੋਵੇਂ ਜਹਾਜ਼ ਏਅਰਪੋਰਟ ਦੇ ਟੈਕਸਵੇਅ ‘ਤੇ ਇਕ-ਦੂਜੇ ਦੇ ਨੇੜੇ ਆ ਗਏ। ਯੂ.ਪੀ.ਐਸ. ਦਾ ਕਾਰਗੋ ਜਹਾਜ਼ ਕੋਲੰਬੀਆ ਦੇ ਬੋਗੋਟਾ ਸ਼ਹਿਰ ਵੱਲ ਰਵਾਨਾ ਹੋ ਰਿਹਾ ਸੀ ਜਦੋਂ ਏਅਰ ਟ੍ਰੈਫ਼ਿਕ ਕੰਟਰੋਲਰ ਦੀਆਂ ਹਦਾਇਤਾਂ ਦੀ ਪਾਲਣਾ ਸਹੀ ਤਰੀਕੇ ਨਾਲ ਨਾ ਹੋਣ ਕਰ ਕੇ ਹਾਦਸਾ ਵਾਪਰਿਆ। ਟੱਕਰ ਹੁੰਦਿਆਂ ਹੀ ਕੋਪਾ ਏਅਰਲਾਈਨਜ਼ ਦੇ ਪਾਇਲਟ ਨੇ ਏਅਰ ਟ੍ਰੈਫ਼ਿਕ ਕੰਟਰੋਲਰ ਨੂੰ ਦੱਸਿਆ ਕਿ ਕਿਸੇ ਨੇ ਸਾਡੇ ਜਹਾਜ਼ ਨੂੰ ਹਿਟ ਕੀਤਾ ਹੈ। ਇਸ ਮਗਰੋਂ ਯੂ.ਪੀ.ਐਸ. ਦੇ ਪਾਇਲਟ ਨੇ ਮੰਨਿਆ ਕਿ ਉਹ ਥੋੜ੍ਹਾ ਅੱਗੇ ਲੰਘ ਗਿਆ ਜਿਸ ਕਰ ਕੇ ਕੋਪਾ ਏਅਰਲਾਈਨਜ਼ ਦੇ ਜਹਾਜ਼ ਦਾ ਵਿੰਗ ਉਸ ਦੇ ਜਹਾਜ਼ ਨਾਲ ਟਕਰਾਇਆ। ਹਾਦਸੇ ਵੇਲੇ ਜਹਾਜ਼ ਵਿਚ ਮੌਜੂਦ ਇਕ ਮੁਸਾਫ਼ਰ ਨੇ ਦੱਸਿਆ ਕਿ ਟੱਕਰ ਮਗਰੋਂ ਜਹਾਜ਼ ਇਕ ਪਾਸੇ ਘੁੰਮ ਗਿਆ। ਜਹਾਜ਼ ਦੀ ਰਫ਼ਤਾਰ ਤੇਜ਼ ਹੁੰਦੀ ਤਾਂ ਹਾਦਸਾ ਖ਼ਤਰਨਾਕ ਰੂਪ ਅਖ਼ਤਿਆਰ ਕਰ ਸਕਦਾ ਸੀ। ਇਸ ਮਗਰੋਂ ਮੁਸਾਫ਼ਰ ਜਹਾਜ਼ ਨੂੰ ਟਰਮੀਨਲ ਤੱਕ ਲਿਆਕੇ ਮੁਸਾਫ਼ਰਾਂ ਨੂੰ ਸੁਰੱਖਿਅਤ ਉਤਾਰਿਆ ਗਿਆ। ਯੂ.ਪੀ.ਐਸ. ਨੇ ਆਪਣੇ ਕਰੂ ਮੈਂਬਰ ਸੁਰੱਖਿਅਤ ਹੋਣ ਦੀ ਤਸਦੀਕ ਕੀਤੀ ਹੈ।

ਕੀ ਹੈ ਈਰਾਨ ਦਾ ‘ਡਰਟੀ ਬੰਬ’, ਜਿਸ ਦੇ ਨਿਸ਼ਾਨੇ ’ਤੇ ਅਮਰੀਕਾ ਦੇ ਚੋਟੀ ਦੇ ਕਮਾਂਡਰ?

ਖੁਲਾਸੇ ਤੋਂ ਬਾਅਦ ਅਮਰੀਕੀ ਖੁਫੀਆ ਏਜੰਸੀਆਂ ਅਲਰਟ

ਵਾਸ਼ਿੰਗਟਨ : ਈਰਾਨ ਨੇ ਅਮਰੀਕਾ ਤੋਂ ਬਦਲਾ ਲੈਣ ਲਈ ਪੂਰੀ ਤਿਆਰੀ ਕਰ ਲਈ ਹੈ। ਅਜਿਹਾ ਦਾਅਵਾ ਕੀਤਾ ਜਾ ਰਿਹਾ ਹੈ ਕਿ ਈਰਾਨ ਅਮਰੀਕਾ ਦੇ ਚੋਟੀ ਦੇ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਲਈ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਹਥਿਆਰ ਨੂੰ ‘ਡਰਟੀ ਬੰਬ’ ਕਿਹਾ ਜਾ ਰਿਹਾ ਹੈ। ਹਾਲਾਂਕਿ, ਤਹਿਰਾਨ ਨੇ ਡਰਟੀ ਬੰਬ ਨਾਲ ਜੁੜੀਆਂ ਖ਼ਬਰਾਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ।

CNN ਦੀ ਰਿਪੋਰਟ ਮੁਤਾਬਕ, ਇਸ ਖੁਫੀਆ ਜਾਣਕਾਰੀ ਤੋਂ ਜਾਣੂ ਸੱਤ ਅਮਰੀਕੀ ਅਧਿਕਾਰੀਆਂ ਨੇ ਦੱਸਿਆ ਹੈ ਕਿ ਅਮਰੀਕੀ ਖੁਫੀਆ ਏਜੰਸੀਆਂ ਨੂੰ ਅਜਿਹੇ ਸਬੂਤ ਮਿਲੇ ਹਨ, ਜਿਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਈਰਾਨ ਵਾਸ਼ਿੰਗਟਨ DC ਵਿੱਚ ਟਰੰਪ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਇਸ ਲਈ ਈਰਾਨ ਰੇਡੀਓਐਕਟਿਵ ‘ਡਰਟੀ ਬੰਬ’ ਜਾਂ ਰਸਾਇਣਕ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ। ਖੁਫੀਆ ਜਾਣਕਾਰੀ ਵਿੱਚ



ਅਮਰੀਕੀ ਰਾਜਧਾਨੀ ਦੀਆਂ ਕੁਝ ਸੰਭਾਵਿਤ ਥਾਵਾਂ ਅਤੇ ਨਿਸ਼ਾਨਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਬਾਅਦ ਅਮਰੀਕੀ ਅਧਿਕਾਰੀਆਂ ਨੇ ਆਪਣੀ ਸੁਰੱਖਿਆ ਹੋਰ ਸਖ਼ਤ ਕਰ ਦਿੱਤੀ ਹੈ।

ਹਾਲਾਂਕਿ, ਅਧਿਕਾਰੀਆਂ ਨੇ CNN ਨੂੰ ਦੱਸਿਆ ਕਿ ਇਨ੍ਹਾਂ ਤਿਆਰੀਆਂ ਦਾ ਇਹ ਮਤਲਬ ਨਹੀਂ ਹੈ ਕਿ ਕੋਈ ਹਮਲਾ ਤੁਰੰਤ ਹੋਣ ਵਾਲਾ ਹੈ ਜਾਂ ਈਰਾਨ ਨੇ ਅਸਲ ਵਿੱਚ ਅਜਿਹੀ ਕਿਸੇ ਸਾਜ਼ਿਸ਼ ਨੂੰ ਅੰਜਾਮ ਦੇਣ ਦਾ ਫੈਸਲਾ ਕਰ ਲਿਆ ਹੈ।

ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਪ੍ਰਸ਼ਾਸਨ ਸੰਭਾਵਿਤ ਖ਼ਤਰਿਆਂ ‘ਤੇ ਨਜ਼ਰ ਰੱਖ ਰਿਹਾ ਹੈ ਪਰ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਅਮਰੀਕਾ ਨੂੰ ਤੁਰੰਤ ਕੋਈ ਖ਼ਤਰਾ ਨਹੀਂ ਹੈ। ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਖੁਫੀਆ ਜਾਣਕਾਰੀ ਇਸ ਗੱਲ ਦਾ ਸੰਕੇਤ ਹੋ ਸਕਦੀ ਹੈ ਕਿ ਈਰਾਨ ਜੰਗ ਨੂੰ ਮੱਧ ਪੂਰਬ ਤੋਂ ਬਾਹਰ ਤੱਕ ਫੈਲਾਉਣ ਬਾਰੇ ਵਿਚਾਰ ਕਰ ਰਿਹਾ ਹੈ ਕਿਉਂਕਿ ਉਸ ਨੂੰ ਅਮਰੀਕੀ ਫੌਜੀ ਦਬਾਅ ਅਤੇ ਆਰਥਿਕ ਨਾਕਾਬੰਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੋ ਅਧਿਕਾਰੀਆਂ ਨੇ ਸੰਭਾਵਿਤ ਖ਼ਤਰੇ ਨਾਲ ਨਜਿੱਠਣ ਲਈ ਦੱਸਿਆ ਕਿ ਪਿਛਲੇ ਇੱਕ ਹਫ਼ਤੇ ਦੌਰਾਨ ਕਈ ਮੀਟਿੰਗਾਂ ਹੋਈਆਂ ਹਨ। ਇਹ ਖੁਫੀਆ ਜਾਣਕਾਰੀ ਅਜਿਹੇ ਸਮੇਂ ਸਾਹਮਣੇ ਆਈ ਹੈ, ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੇ ਟਕਰਾਅ ਨੂੰ ਖ਼ਤਮ ਕਰਨ ਲਈ ਕੂਟਨੀਤਕ ਕੋਸ਼ਿਸ਼ਾਂ ਰੁਕੀਆਂ ਹੋਈਆਂ ਹਨ।

ਕੈਨੇਡਾ ’ਚ ਕਾਰਾਂ ਚੋਰੀ ਕਰਨ ਦੇ ਦੋਸ਼ ’ਚ ਪੰਜਾਬੀ ਮੂਲ ਦੇ 2 ਨੌਜਵਾਨਾਂ ਸਣੇ 12 ਗ੍ਰਿਫ਼ਤਾਰ

ਪੁਲਿਸ ਨੇ ਮੁਲਜ਼ਮਾਂ ਕੋਲੋਂ 96 ਚੋਰੀ ਦੀਆਂ ਗੱਡੀਆਂ ਕੀਤੀਆਂ ਬਰਾਮਦ

ਟੋਰਾਂਟੋ : ਗਰੇਟਰ ਟੋਰਾਂਟੋ ਏਰੀਆ (ਜੀ ਟੀ ਏ) ਵਿੱਚ ਸਰਗਰਮ ਇੱਕ ਵੱਡੇ ਅੰਤਰਰਾਸ਼ਟਰੀ ਵਾਹਨ ਚੋਰ ਗਰੋਹ ਦਾ ਪਰਦਾਫਾਸ਼ ਕਰਦਿਆਂ ਪੀਲ ਰਿਜਨਲ ਪੁਲੀਸ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐੱਸ ਏ) ਨੇ ਸਾਂਝੀ ਕਾਰਵਾਈ ਦੌਰਾਨ ਦੋ ਪੰਜਾਬੀ ਨੌਜਵਾਨਾਂ ਸਮੇਤ ਕੁੱਲ 12 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਮੁਲਜ਼ਮਾਂ ਖ਼ਿਲਾਫ਼ 231 ਸੰਗੀਨ ਦੋਸ਼ ਆਇਦ ਕਰਦਿਆਂ ਕਰੀਬ 4.5 ਮਿਲੀਅਨ ਡਾਲਰ (45 ਲੱਖ ਡਾਲਰ) ਮੁੱਲ ਦੀਆਂ 96 ਚੋਰੀ ਦੀਆਂ ਮਹਿੰਗੀਆਂ ਗੱਡੀਆਂ ਬਰਾਮਦ ਕੀਤੀਆਂ ਹਨ।

ਪੁਲੀਸ ਵੱਲੋਂ ਜਾਰੀ ਕੀਤੀ ਗਈ ਗ੍ਰਿਫ਼ਤਾਰ ਮੁਲਜ਼ਮਾਂ ਦੀ ਸੂਚੀ ਵਿੱਚ ਦੋ ਪੰਜਾਬੀ ਮੂਲ ਦੇ ਨੌਜਵਾਨ ਵੀ ਸ਼ਾਮਲ ਹਨ, ਜਿਨ੍ਹਾਂ ਦੀ ਪਛਾਣ ਕਰਮਵੀਰ ਸਿੰਘ (26) ਵਾਸੀ ਬਰੈਂਪਟਨ ਅਤੇ ਜਸਪ੍ਰੀਤ ਸਿੰਘ (25) (ਬਿਨਾਂ ਕਿਸੇ ਪੱਕੇ ਪਤੇ ਤੋਂ) ਵਜੋਂ ਹੋਈ ਹੈ। ਪੁਲੀਸ ਅਨੁਸਾਰ ਕਰਮਵੀਰ ਸਿੰਘ ਖ਼ਿਲਾਫ਼ ਅਪਰਾਧ ਰਾਹੀਂ ਹਾਸਲ ਕੀਤੀ ਜਾਇਦਾਦ ਰੱਖਣ ਦੇ ਚਾਰ ਅਤੇ 5,000 ਡਾਲਰ ਤੋਂ ਵੱਧ ਦੀ ਚੋਰੀ ਦੇ ਸਾਮਾਨ ਦੀ ਤਸਕਰੀ ਕਰਨ ਦੇ ਚਾਰ ਮਾਮਲੇ ਦਰਜ ਕੀਤੇ ਗਏ ਹਨ, ਜਦਕਿ ਜਸਪ੍ਰੀਤ ਸਿੰਘ ਖ਼ਿਲਾਫ਼ ਇਨ੍ਹਾਂ ਦੋਵਾਂ ਧਾਰਾਵਾਂ ਤਹਿਤ ਇੱਕ-ਇੱਕ ਮਾਮਲਾ ਦਰਜ ਕੀਤਾ ਗਿਆ ਹੈ।

ਇਨ੍ਹਾਂ ਤੋਂ ਇਲਾਵਾ ਗ੍ਰਿਫ਼ਤਾਰ ਕੀਤੇ ਗਏ ਬਾਕੀ ਮੁਲਜ਼ਮਾਂ ਵਿੱਚ ਸਟੈਨਲੀ ਉਦੇਹ



(46) ਵਾਸੀ ਬਰੈਂਪਟਨ, ਟੋਰਾਂਟੋ ਵਾਸੀ ਓਡੇਵਾਲੇ ਅਬਰਾਹਮ (57), ਓਲੂਯੋਮੀ ਸੋਦਾਦੇ (51), ਟੋਸਿਨ ਡੈਮੀਲੋਲਾ ਓਏਬਾਦੇ (45), ਓਲੂਵਾਸੇਈ ਓਲਾਵਾਲੇ ਬਾਮੇਕੇ (39), ਓਲੂਸ਼ੋਲਾ ਓਕੇ (42), ਵੈਨ ਵਾਸੀ ਗਬੋਲਾਹਾਨ ਕੁਦੁਸ ਬਾਬਾਤੁੰਦੇ (29), ਕਿਊਬਿਕ ਦੇ ਸੇਂਟ ਜੇਰੋਮ ਵਾਸੀ ਡੈਰਿਲ ਡੇਵਾਂਸ (25), ਅਤੇ ਬਿਨਾਂ ਕਿਸੇ ਪੱਕੇ ਪਤੇ ਵਾਲੇ ਹੈਨਰਿਕ ਗੈਂਕਜ਼ (57) ਤੇ ਕੈਨੇਥ ਓਕਾਫੋਰ (58) ਸ਼ਾਮਲ ਹਨ।

ਪੁਲੀਸ ਵੱਲੋਂ ਇਸ ਵਿਸ਼ੇਸ਼ ਮੁਹਿੰਮ ਨੂੰ ‘ਪ੍ਰੋਜੈਕਟ ਕੈਡੇਟਾ’ ਦਾ ਨਾਮ ਦਿੱਤਾ ਗਿਆ ਸੀ, ਜਿਸ ਦੀ ਸ਼ੁਰੂਆਤ ਮਾਰਚ 2026 ਵਿੱਚ ਬਰੈਂਪਟਨ ਦੀ ਕੈਡੇਟਾ ਰੋਡ ਸਥਿਤ ਇੱਕ ਗੁਦਾਮ ਦੀ ਨਿਗਰਾਨੀ ਨਾਲ ਹੋਈ। ਜਾਂਚ ਵਿੱਚ ਸਾਹਮਣੇ ਆਇਆ ਕਿ ਇਸ ਟਿਕਾਣੇ ਦੀ ਵਰਤੋਂ ਚੋਰੀ ਕੀਤੇ ਵਾਹਨਾਂ ਨੂੰ ਲੁਕਾਉਣ ਅਤੇ ਸਮੁੰਦਰੀ ਕੰਟੇਨਰ ਵਿੱਚ ਲੋਡ ਕਰਕੇ ਕੈਨੇਡੀਅਨ ਬੰਦਰਗਾਹਾਂ ਰਾਹੀਂ ਪੱਛਮੀ ਅਫ਼ਰੀਕਾ ਭੇਜਣ ਲਈ ਕੀਤੀ ਜਾ ਰਹੀ ਸੀ। ਪੁਲੀਸ ਅਧਿਕਾਰੀਆਂ ਮੁਤਾਬਕ ਇਸ ਨੈੱਟਵਰਕ ਨੂੰ ਪੰਜ ਮੁੱਖ ਸਰਗਨੇ ਚਲਾ ਰਹੇ ਸਨ, ਜਦਕਿ ਬਾਕੀ ਸਾਥੀ ਗੱਡੀਆਂ ਦੇ ਜਾਅਲੀ ਵਹੀਕਲ ਆਈਡੈਂਟੀਫਿਕੇਸ਼ਨ ਨੰਬਰ ਤਿਆਰ ਕਰਨ, ਕੰਟੇਨਰ ਲੋਡ ਕਰਨ ਅਤੇ ਢੋਆ-ਢੁਆਈ ਵਿੱਚ ਮਦਦ ਕਰਦੇ ਸਨ। ਬਰਾਮਦ ਕੀਤੀਆਂ 96 ਗੱਡੀਆਂ ਵਿੱਚ ਲਗਜ਼ਰੀ ਐੱਸ.ਯੂ.ਵੀ. ਅਤੇ ਪਿਕ ਅੱਪ ਟਰੱਕ ਸ਼ਾਮਲ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਸਾਰੇ 12 ਮੁਲਜ਼ਮਾਂ ਨੂੰ ਕਾਨੂੰਨੀ ਪ੍ਰਕਿਰਿਆ ਅਤੇ ਜ਼ਮਾਨਤ ਸੁਣਵਾਈ ਉਪਰੰਤ ਰਿਹਾਅ ਕਰ ਦਿੱਤਾ ਗਿਆ ਹੈ। ਹਾਲਾਂਕਿ, ਪੁਲੀਸ ਨੇ ਸਪਸ਼ਟ ਕੀਤਾ ਹੈ ਕਿ ਅਪਰਾਧਿਕ ਮੁਕੱਦਮੇ ਪੂਰੇ ਹੋਣ ਤੋਂ ਬਾਅਦ ਇਨ੍ਹਾਂ ਵਿੱਚੋਂ ਕਈ ਮੁਲਜ਼ਮਾਂ ਦਾ ਮਾਮਲਾ ਇਮੀਗ੍ਰੇਸ਼ਨ ਕਾਰਵਾਈ ਅਤੇ ਕੈਨੇਡਾ ਤੋਂ ਡਿਪੋਰਟ ਕਰਨ ਲਈ CBSA ਨੂੰ ਸੌਂਪਿਆ ਜਾ ਸਕਦਾ ਹੈ। ਪੁਲੀਸ ਵੱਲੋਂ ਕੁਝ ਹੋਰ ਫ਼ਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਵਾਰੰਟ ਵੀ ਜਾਰੀ ਕੀਤੇ ਗਏ ਹਨ।

ਪ੍ਰਧਾਨ ਮੰਤਰੀ ਮੋਦੀ ਮਨੀਲਾ ਦੇ 100 ਸਾਲ ਤੋਂ ਵੱਧ ਪੁਰਾਣੇ ਖਾਲਸਾ ਦੀਵਾਨ ਗੁਰਦੁਆਰਾ ਸਾਹਿਬ ਵਿਖੇ ਹੋਏ ਨਤਮਸਤਕ

ਨਵੇਂ ਸਿਰੇ ਤੋਂ ਉਸਾਰੀ ਅਤੇ ਸੁਧਾਰ ਕਾਰਜਾਂ ਦਾ ਰੱਖਿਆ ਨੀਂਹ ਪੱਥਰ



ਮਨੀਲਾ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਗਲਵਾਰ ਨੂੰ ਫਿਲੀਪੀਨਜ਼ ਦੀ ਰਾਜਧਾਨੀ ਮਨੀਲਾ ਵਿੱਚ 100 ਸਾਲ ਤੋਂ ਵੱਧ ਪੁਰਾਣੇ ਖਾਲਸਾ ਦੀਵਾਨ ਗੁਰਦੁਆਰਾ ਸਾਹਿਬ ਵਿਖੇ ਪਹੁੰਚੇ । ਇੱਥੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਨਵੇਂ ਸਿਰੇ ਤੋਂ ਉਸਾਰੀ ਅਤੇ ਸੁਧਾਰ ਕਾਰਜਾਂ ਦਾ ਨੀਂਹ ਪੱਥਰ ਰੱਖਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਸ ਪੁਰਾਣੇ ਗੁਰਦੁਆਰਾ ਸਾਹਿਬ ਵਿੱਚ ਆ ਕੇ ਉਨ੍ਹਾਂ ਨੂੰ ਬਹੁਤ ਚੰਗਾ ਲੱਗਿਆ ਹੈ ਅਤੇ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਮਹਿਸੂਸ ਕਰ ਰਹੇ ਹਨ।

ਵਿਦੇਸ਼ ਮੰਤਰਾਲੇ ਨੇ ਸੋਸ਼ਲ ਮੀਡੀਆ ’ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਖਾਲਸਾ ਦੀਵਾਨ ਮਨੀਲਾ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਸਾਹਿਬ ਹੈ। ਇਹ ਗੁਰਦੁਆਰਾ 100 ਸਾਲ ਤੋਂ ਵੱਧ ਸਮੇਂ ਤੋਂ ਭਾਰਤ ਅਤੇ ਫਿਲੀਪੀਨਜ਼ ਦਰਮਿਆਨ ਦੋਸਤੀ ਅਤੇ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਨਿਊਯਾਰਕ ਦੇ ਅਪਾਰਟਮੈਂਟ ਕੰਪਲੈਕਸ ’ਚ ਗੋਲੀਬਾਰੀ, ਦੋ ਸੁਰੱਖਿਆ ਅਧਿਕਾਰੀ ਜ਼ਖ਼ਮੀ

ਹਮਲਾਵਰ ਨੇ ਖ਼ੁਦ ਨੂੰ ਵੀ ਮਾਰੀ ਗੋਲੀ

ਨਵੀਂ ਦਿੱਲੀ - ਸੋਮਵਾਰ ਨੂੰ ਨਿਊਯਾਰਕ ਸ਼ਹਿਰ ਦੇ ਬ੍ਰੌਂਕਸ ਵਿੱਚ ਸਥਿਤ ‘ਕੋ-ਆਪ ਸਿਟੀ’ ਅਪਾਰਟਮੈਂਟ ਕੰਪਲੈਕਸ ਵਿੱਚ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ।



ਇੱਥੇ ਇੱਕ ਬੰਦੂਕਧਾਰੀ ਨੇ ਦੋ ਸੁਰੱਖਿਆ ਅਧਿਕਾਰੀਆਂ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਘਟਨਾ ਤੋਂ ਬਾਅਦ ਮੁਲਜ਼ਮ ਨੇ ਖ਼ੁਦ ਨੂੰ ਇੱਕ ਅਪਾਰਟਮੈਂਟ ਵਿੱਚ ਬੰਦ ਕਰ ਲਿਆ।

‘ਨਿਊਯਾਰਕ ਪੋਸਟ’ ਦੀ ਰਿਪੋਰਟ ਮੁਤਾਬਕ, ਬਾਅਦ ਵਿੱਚ ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਇਲਾਕੇ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਹਮਲਾਵਰ ਅਪਾਰਟਮੈਂਟ ਦੇ ਅੰਦਰ ਮ੍ਰਿਤਕ ਮਿਲਿਆ। ਪੁਲਿਸ ਮੁਤਾਬਕ, ਉਸ ਨੇ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਜ਼ਖ਼ਮੀ ਹੋਏ ਦੋਵਾਂ ਸੁਰੱਖਿਆ ਅਧਿਕਾਰੀਆਂ ਦੀ ਹਾਲਤ ਗੰਭੀਰ ਨਹੀਂ ਦੱਸੀ ਜਾ ਰਹੀ ਹੈ। ਨਿਊਯਾਰਕ ਪੁਲਿਸ ਵਿਭਾਗ ਨੇ ਪੁਸ਼ਟੀ ਕੀਤੀ ਹੈ ਕਿ ਗੋਲੀ ਲੱਗਣ ਵਾਲੇ ਦੋਵੇਂ ਵਿਅਕਤੀ ‘ਕੋ-ਆਪ ਸਿਟੀ ਡਿਪਾਰਟਮੈਂਟ ਆਫ਼ ਪਬਲਿਕ ਸੇਫਟੀ’ ਦੇ ਅਧਿਕਾਰੀ ਸਨ, ਜੋ ਇਸ ਕੰਪਲੈਕਸ ਦੀ ਨਿੱਜੀ ਸੁਰੱਖਿਆ ਵਿਵਸਥਾ ਦਾ ਹਿੱਸਾ ਹਨ। ਸ਼ੁਰੂ ਵਿੱਚ ਪੁਲਿਸ ਨੇ ਤਿੰਨ ਲੋਕਾਂ ਦੇ ਜ਼ਖ਼ਮੀ ਹੋਣ ਦੀ ਗੱਲ ਕਹੀ ਸੀ, ਪਰ ਬਾਅਦ ਵਿੱਚ ਜ਼ਖ਼ਮੀਆਂ ਦੀ ਗਿਣਤੀ ਬਾਰੇ ਸੋਧ ਕੀਤੀ ਗਈ।

ਟਰੰਪ ਪ੍ਰਸ਼ਾਸਨ ਦੀ ਸਖ਼ਤੀ ਦਾ ਅਸਰ: ਅਮਰੀਕਾ ’ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 6.5% ਘਟੀ

ਅੰਡਰਗ੍ਰੈਜੂਏਟ ਦਾਖ਼ਲਿਆਂ ‘ਚ ਆਈ ਸਭ ਤੋਂ ਵੱਡੀ ਗਿਰਾਵਟ

ਵਾਸ਼ਿੰਗਟਨ : ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2025-26 ਵਿਚ ਪਿਛਲੇ ਅਕਾਦਮਿਕ ਸਾਲ ਦੇ ਮੁਕਾਬਲੇ 6.5 ਫ਼ੀਸਦੀ ਘਟ ਗਈ। ਸੋਮਵਾਰ ਨੂੰ ਜਾਰੀ ਇਕ ਰਿਪੋਰਟ ਮੁਤਾਬਕ, ਇਹ ਕਮੀ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਹੋ ਰਹੀਆਂ ਇਮੀਗ੍ਰੇਸ਼ਨ ਨੀਤੀਆਂ ਦਰਮਿਆਨ ਦਰਜ ਕੀਤੀ ਗਈ। ‘ਓਪਨ ਡੋਰਜ਼ ਰਿਪੋਰਟ ਆਨ ਇੰਟਰਨੈਸ਼ਨਲ ਐਜੂਕੇਸ਼ਨਲ ਐਕਸਚੇਂਜ’ ਮੁਤਾਬਕ, 2025-26 ਵਿਚ 3,39,435 ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਯੂਨੀਵਰਸਿਟੀਆਂ ਵਿਚ ਦਾਖ਼ਲਾ ਲਿਆ। 2024-25 ਵਿਚ ਇਹ ਗਿਣਤੀ 3,63,019 ਸੀ। ਲਗਾਤਾਰ ਤੀਜੇ ਸਾਲ ਭਾਰਤ ਅਮਰੀਕਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਰਿਹਾ। 2025-26 ਵਿਚ ਕੁੱਲ ਵਿਦੇਸ਼ੀ ਵਿਦਿਆਰਥੀਆਂ ਵਿਚ ਭਾਰਤੀਆਂ ਦੀ ਹਿੱਸੇਦਾਰੀ 29.6 ਫ਼ੀਸਦੀ ਸੀ। ਇਸ ਗਿਰਾਵਟ ਦਾ ਮੁੱਖ ਕਾਰਨ ਅੰਡਰਗ੍ਰੈਜੂਏਟ ਕੋਰਸਾਂ ਵਿਚ ਦਾਖ਼ਲਿਆਂ ਦੀ ਗਿਣਤੀ 34 ਫ਼ੀਸਦੀ ਘਟ ਕੇ 1,16,609 ਰਹਿ ਜਾਣਾ ਸੀ। ਗ੍ਰੈਜੂਏਟ ਪੱਧਰ ’ਤੇ ਵਿਦਿਆਰਥੀਆਂ ਦੀ ਗਿਣਤੀ ਇਕ ਫ਼ੀਸਦੀ ਘਟ



ਕੇ 39,711 ਰਹੀ। ਇਸ ਦੇ ਉਲਟ, ਵਿਕਲਪੀ ਪ੍ਰੈਕਟੀਕਲ ਟ੍ਰੇਨਿੰਗ (ਓਪੀਟੀ) ਵਿਚ ਹਿੱਸਾ ਲੈਣ ਵ

ਅੱਜ ਦਾ ਵਿਚਾਰ

"ਮੁਸ਼ਕਲਾਂ ਸਾਨੂੰ ਤੋੜਨ ਲਈ ਨਹੀਂ, ਸਗੋਂ ਸਾਡੇ ਅੰਦਰ ਲੁਕੀ ਤਾਕਤ ਨੂੰ ਜਗਾਉਣ ਲਈ ਆਉਂਦੀਆਂ ਹਨ।"

ਗਲੋਬਲ ਤਪਸ਼ ਦਾ ਵਧਦਾ ਸੰਕਟ

ਜਲਵਾਯੂ ਤਬਦੀਲੀ ਅਤੇ ਗਲੋਬਲ ਤਪਸ਼ ਅੱਜ ਸਮੁੱਚੀ ਮਨੁੱਖਤਾ ਲਈ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਬਣ ਚੁੱਕੀਆਂ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਸਮੱਸਿਆ ਦੇ ਕਾਰਨ ਵੀ ਦੁਨੀਆ ਸਾਹਮਣੇ ਸਪੱਸ਼ਟ ਹਨ ਅਤੇ ਇਸ ਦੇ ਹੱਲ ਦੇ ਰਸਤੇ ਵੀ ਮੌਜੂਦ ਹਨ, ਪਰ ਇਸ ਦੇ ਬਾਵਜੂਦ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ। ਵਿਸ਼ਵ ਪੱਧਰ ਉੱਤੇ ਵਾਤਾਵਰਨ ਦੀ ਸੰਭਾਲ ਲਈ ਸੰਮੇਲਨ ਹੁੰਦੇ ਹਨ, ਸਮਝੌਤੇ ਕੀਤੇ ਜਾਂਦੇ ਹਨ ਅਤੇ ਵੱਡੇ-ਵੱਡੇ ਐਲਾਨ ਹੁੰਦੇ ਹਨ, ਪਰ ਅਮਲੀ ਕਾਰਵਾਈ ਦੀ ਘਾਟ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਵਿਸ਼ਵ ਮੌਸਮ ਵਿਗਿਆਨ ਸੰਗਠਨ ਦੀਆਂ ਰਿਪੋਰਟਾਂ ਲਗਾਤਾਰ ਵਧ ਰਹੇ ਤਾਪਮਾਨ ਦੇ ਖ਼ਤਰਿਆਂ ਵੱਲ ਇਸ਼ਾਰਾ ਕਰਦੀਆਂ ਹਨ। ਸਾਲ 2026 ਦੇ ਪਹਿਲੇ ਨੌਂ ਮਹੀਨਿਆਂ ਦੌਰਾਨ ਵੀ ਵਿਸ਼ਵ ਤਾਪਮਾਨ ਚਿੰਤਾਜਨਕ ਪੱਧਰ ਉੱਤੇ ਰਿਹਾ ਹੈ। ਉਦਯੋਗਿਕ ਯੁੱਗ ਤੋਂ ਪਹਿਲਾਂ ਦੇ ਮੁਕਾਬਲੇ ਤਾਪਮਾਨ ਵਿੱਚ ਹੋ ਰਿਹਾ ਵਾਧਾ ਇਸ ਗੱਲ ਦਾ ਸੰਕੇਤ ਹੈ ਕਿ ਮਨੁੱਖੀ ਗਤੀਵਿਧੀਆਂ ਨੇ ਕੁਦਰਤੀ ਸੰਤੁਲਨ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਇਸ ਦੇ ਨਤੀਜੇ ਵਜੋਂ ਕਿਤੇ ਭਿਆਨਕ ਗਰਮੀ, ਕਿਤੇ ਬੇਮੌਸਮੀ ਬਾਰਸ਼, ਕਿਤੇ ਹੜ੍ਹ ਅਤੇ ਕਿਤੇ ਲੰਮੇ ਸੋਕੇ ਵਰਗੀਆਂ ਸਥਿਤੀਆਂ ਪੈਦਾ ਹੋ ਰਹੀਆਂ ਹਨ। ਗਲੋਬਲ ਤਪਸ਼ ਦਾ ਸਭ ਤੋਂ ਵੱਡਾ ਕਾਰਨ ਗ੍ਰੀਨਹਾਊਸ ਗੈਸਾਂ, ਖ਼ਾਸ ਕਰਕੇ ਕਾਰਬਨ ਡਾਈਆਕਸਾਈਡ ਦਾ ਵਧਦਾ ਨਿਕਾਸ ਹੈ। ਉਦਯੋਗਾਂ, ਵਾਹਨਾਂ, ਬਿਜਲੀ ਉਤਪਾਦਨ ਅਤੇ ਹੋਰ ਆਰਥਿਕ ਗਤੀਵਿਧੀਆਂ ਵਿੱਚ ਕੋਲਾ, ਪੈਟਰੋਲ ਅਤੇ ਕੁਦਰਤੀ ਗੈਸ ਦੀ ਵੱਡੇ ਪੱਧਰ ਉੱਤੇ ਵਰਤੋਂ ਕੀਤੀ ਜਾ ਰਹੀ ਹੈ। ਵਿਕਾਸ ਦੀ ਅੰਨ੍ਹੀ ਦੌੜ ਵਿੱਚ ਜੰਗਲਾਂ ਦੀ ਕਟਾਈ ਅਤੇ ਕੁਦਰਤੀ ਸਰੋਤਾਂ ਦੀ ਬੇਲਗਾਮ ਵਰਤੋਂ ਨੇ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਇਸ ਸੰਕਟ ਦਾ ਇੱਕ ਮਹੱਤਵਪੂਰਨ ਪਹਿਲੂ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚਕਾਰ ਜ਼ਿੰਮੇਵਾਰੀ ਦੀ ਵੰਡ ਦਾ ਵੀ ਹੈ। ਇਤਿਹਾਸਕ ਤੌਰ ਉੱਤੇ ਉਦਯੋਗੀਕਰਨ ਕਾਰਨ ਵੱਡੀ ਮਾਤਰਾ ਵਿੱਚ ਕਾਰਬਨ ਨਿਕਾਸ ਕਰਨ ਵਾਲੇ ਅਮੀਰ ਦੇਸ਼ ਅਕਸਰ ਵਿਕਾਸਸ਼ੀਲ ਦੇਸ਼ਾਂ ਉੱਤੇ ਵਾਤਾਵਰਨ ਸੁਰੱਖਿਆ ਦੀਆਂ ਸਖ਼ਤ ਸ਼ਰਤਾਂ ਲਾਗੂ ਕਰਨ ਦੀ ਵਕਾਲਤ ਕਰਦੇ ਹਨ। ਦੂਜੇ ਪਾਸੇ ਗ਼ਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦਾ ਤਰਕ ਹੈ ਕਿ ਜਿਨ੍ਹਾਂ ਮੁਲਕਾਂ ਨੇ ਲੰਮੇ ਸਮੇਂ ਤੱਕ ਕੁਦਰਤੀ ਸਰੋਤਾਂ ਦੀ ਵਰਤੋਂ ਕਰਕੇ ਖ਼ੁਸ਼ਹਾਲੀ ਹਾਸਲ ਕੀਤੀ ਹੈ, ਉਨ੍ਹਾਂ ਨੂੰ ਇਸ ਸੰਕਟ ਨਾਲ ਨਜਿੱਠਣ ਲਈ ਵੱਧ ਵਿੱਤੀ ਅਤੇ ਤਕਨੀਕੀ ਸਹਾਇਤਾ ਦੇਣੀ ਚਾਹੀਦੀ ਹੈ। ਭਾਰਤ ਵਰਗੇ ਦੇਸ਼ਾਂ ਲਈ ਇਹ ਚੁਣੌਤੀ ਹੋਰ ਵੀ ਗੰਭੀਰ ਹੈ। ਵਧਦਾ ਤਾਪਮਾਨ ਖੇਤੀਬਾੜੀ, ਪਾਣੀ ਦੇ ਸਰੋਤਾਂ, ਲੋਕਾਂ ਦੀ ਸਿਹਤ ਅਤੇ ਆਰਥਿਕਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ, ਮੌਸਮ ਦੀ ਅਨਿਸ਼ਚਿਤਤਾ ਅਤੇ ਹਵਾ ਪ੍ਰਦੂਸ਼ਣ ਪਹਿਲਾਂ ਹੀ ਚਿੰਤਾ ਦਾ ਵਿਸ਼ਾ ਹਨ। ਜੇਕਰ ਮੌਸਮੀ ਤਬਦੀਲੀਆਂ ਇਸੇ ਤਰ੍ਹਾਂ ਜਾਰੀ ਰਹੀਆਂ ਤਾਂ ਕਣਕ ਅਤੇ ਝੋਨੇ ਵਰਗੀਆਂ ਮੁੱਖ ਫ਼ਸਲਾਂ ਦੀ ਪੈਦਾਵਾਰ ਉੱਤੇ ਵੀ ਮਾੜਾ ਅਸਰ ਪੈ ਸਕਦਾ ਹੈ। ਇਸ ਦੇ ਨਾਲ ਹੀ ਸਮਾਜ ਨੂੰ ਆਪਣੀਆਂ ਆਦਤਾਂ ਬਦਲਣ ਦੀ ਲੋੜ ਹੈ। ਤਿਉਹਾਰਾਂ ਅਤੇ ਸਮਾਗਮਾਂ ਦੌਰਾਨ ਬੇਲੋੜੀ ਆਤਿਸ਼ਬਾਜ਼ੀ, ਊਰਜਾ ਦੀ ਬਰਬਾਦੀ ਅਤੇ ਪ੍ਰਦੂਸ਼ਣ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਉੱਤੇ ਕਾਬੂ ਪਾਉਣਾ ਜ਼ਰੂਰੀ ਹੈ। ਹਾਲਾਂਕਿ ਜਲਵਾਯੂ ਸੰਕਟ ਦਾ ਮੁੱਖ ਹੱਲ ਸਿਰਫ਼ ਵਿਅਕਤੀਗਤ ਆਦਤਾਂ ਬਦਲਣ ਨਾਲ ਨਹੀਂ, ਸਗੋਂ ਉਦਯੋਗਿਕ ਅਤੇ ਊਰਜਾ ਨੀਤੀਆਂ ਵਿੱਚ ਵੱਡੇ ਸੁਧਾਰਾਂ ਨਾਲ ਹੀ ਸੰਭਵ ਹੈ। ਸਮੇਂ ਦੀ ਮੰਗ ਹੈ ਕਿ ਦੁਨੀਆ ਦੇ ਸਾਰੇ ਦੇਸ਼ ਜਲਵਾਯੂ ਤਬਦੀਲੀ ਨੂੰ ਕੇਵਲ ਚਰਚਾ ਦਾ ਵਿਸ਼ਾ ਬਣਾਉਣ ਦੀ ਥਾਂ ਠੋਸ ਕਾਰਵਾਈ ਕਰਨ। ਨਵਿਆਉਣਯੋਗ ਊਰਜਾ, ਜੰਗਲਾਂ ਦੀ ਸੰਭਾਲ, ਸਾਫ਼ ਤਕਨੀਕ ਅਤੇ ਕਾਰਬਨ ਨਿਕਾਸ ਵਿੱਚ ਕਟੌਤੀ ਨੂੰ ਤਰਜੀਹ ਦਿੱਤੀ ਜਾਵੇ। ਧਰਤੀ ਦਾ ਵਧਦਾ ਤਾਪਮਾਨ ਸਿਰਫ਼ ਮੌਸਮ ਦਾ ਸੰਕਟ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੀ ਹੋਂਦ ਨਾਲ ਜੁੜਿਆ ਸਵਾਲ ਹੈ। ਜੇਕਰ ਅੱਜ ਵੀ ਦੁਨੀਆ ਨੇ ਗੰਭੀਰਤਾ ਨਾ ਦਿਖਾਈ ਤਾਂ ਭਵਿੱਖ ਵਿੱਚ ਇਸ ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪੈ ਸਕਦੀ ਹੈ।

HAMDARD MEDIA GROUP ਹਮਦਰਦ HAMDARD TV

PUBLISHER COMPANY : 1136811 ONTARIO INC. O|A.HAMDARD MEDIA GROUP
CANADA OFFICE : 2-1332, KHALSA DRIVE, MISSISSAUGA ON L5S 0A2
CHIEF EDITOR : Amar Singh Bhullar
SUB EDITOR: Karamjit Kaur Bhullar
GENERAL MANAGER: S Kaur
DISTRIBUTER : Bhupinder Kaur Dhillon
NEWS REPORTERS : Darbara Singh Kahlon, Harpreet Singh Gill, Malkeet Singh (Vancouver), Maninder Kumar (Montreal)
INDIA REPORTERS: Upjit Singh, Kamaljit Kaur, Parminder Kumar, Gurpiar S Thind, Vivek Kumar
FRONT DESK : 905-791-9999, 905-696-1991
EMERGENCY : 416-433-6342
VANCOUVER OFFICE : 604-807-8610
EMAIL : ads@hamdardtv.ca
Subscription Price:$250/Year

Funded by the Government of Canada | Canada

ਨਸਲਵਾਦ ਅਤੇ ਬਸਤੀਵਾਦ ਨੂੰ ਵੰਗਾਰ

16 ਨਵੰਬਰ ਦੀਆਂ ਸ਼ਹਾਦਤਾਂ

ਇਤਿਹਾਸ ਦੇ ਪੰਨਿਆਂ 'ਤੇ 16 ਨਵੰਬਰ ਦਾ ਵਿਸ਼ੇਸ਼ ਮਹੱਤਵ ਹੈ। 16 ਨਵੰਬਰ ਨੂੰ ਯੋਧਿਆਂ ਨੇ ਨਸਲਵਾਦ ਅਤੇ ਬਸਤੀਵਾਦ ਖਿਲਾਫ ਲੜਦਿਆਂ ਸ਼ਹੀਦੀਆਂ ਪਾਈਆਂ। ਇਸ ਦਿਨ ਜਿੱਥੇ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਛੇ ਹੋਰ ਭਾਈ ਸ਼ਹੀਦ ਹੋਏ, ਉੱਥੇ ਹੀ ਇਹ ਦਿਨ ਕੈਨੇਡਾ ਦੇ ਮਹਾਨ ਯੋਧੇ ਲੂਈ ਰਿਆਲ ਦਾ ਵੀ ਸ਼ਹੀਦੀ ਦਿਹਾੜਾ ਹੈ।16 ਨਵੰਬਰ 1915 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਲਾਹੌਰ ਜੇਲ੍ਹ 'ਚ ਫਾਂਸੀ ਚੜ੍ਹਨ ਵਾਲੇ ਸੂਰਮਿਆਂ ਵਿੱਚ, ਅੰਮ੍ਰਿਤਸਰ ਜ਼ਿਲ੍ਹੇ ਦੇ ਸ਼ਹੀਦ ਭਾਈ ਜਗਤ ਸਿੰਘ ਪਿੰਡ ਸੁਰ ਸਿੰਘ, ਸ਼ਹੀਦ ਭਾਈ ਬਖਸ਼ੀਸ਼ ਸਿੰਘ ਪਿੰਡ ਗਿੱਲਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਛੋਟਾ) ਪਿੰਡ ਗਿੱਲ ਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਵੱਡਾ) ਪਿੰਡ ਗਿੱਲ ਵਾਲੀ, ਸ਼ਹੀਦ ਭਾਈ ਹਰਨਾਮ ਸਿੰਘ ਪਿੰਡ ਭੱਟੀ ਗੇਰਾਇਆ (ਸਿਆਲਕੋਟ), ਸ਼ਹੀਦ ਭਾਈ ਵਿਸ਼ਨੂੰ ਗਣੇਸ਼ ਪਿੰਗਲੇ ਯਰਵਦਾ (ਮਹਾਰਾਸ਼ਟਰ) ਭਾਵ ਸੱਤ ਗ਼ਦਰੀ ਯੋਧੇ ਸ਼ਾਮਲ ਸਨ। ਇਨਾਂ ਤੋਂ ਇਲਾਵਾ ਚਾਲੀ ਹੋਰਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਹੋਰ ਲੰਮੀਆਂ ਸਜ਼ਾਵਾਂ ਹੋਈਆਂ, ਇਹਨਾਂ ਵਿੱਚ ਬਾਬਾ ਸੋਹਣ ਸਿੰਘ ਭਕਨਾ,ਬਾਬਾ ਨਿਧਾਨ ਸਿੰਘ ਚੁੱਘਾ,ਬਾਬਾ ਜੁਆਲਾ ਸਿੰਘ ਠੰਠੀਆਂ,ਬਾਬਾ ਵਿਸਾਖਾ ਸਿੰਘ ਦਦੇਹਰ,ਪੰਡਿਤ ਜਗਤ ਰਾਮ ਤੇ ਭਾਈ ਪਰਮਾਨੰਦ ਸ਼ਾਮਲ ਸਨ।

16 ਨਵੰਬਰ 1885 ਵਿੱਚ ਕੈਨੇਡਾ ਦੀ ਧਰਤੀ ਤੇ ਮੈਟੀਸ ਭਾਈਚਾਰੇ ਦੇ ਆਗੂ ਅਤੇ ਮੈਨੀਟੋਬਾ ਦੇ ਵਿਦਰੋਹੀ ਯੋਧੇ ਲੂਈ ਰਿਆਲ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਮਾਨਵੀ ਹੱਕਾਂ ਦੀ ਰਾਖਵਾਲੇ ਅਤੇ ਕੈਨੇਡਾ ਦੇ ਇਤਿਹਾਸ 'ਚ ਮੈਟਿਸ ਭਾਈਚਾਰੇ ਦੇ ਆਗੂ ਵਜੋਂ ਜਾਣੇ ਜਾਂਦੇ ਲੂਈ ਰਿਆਲ ਦਾ ਜਨਮ 22 ਅਕਤੂਬਰ 1844 ਈ. ਨੂੰ ਰੈੱਡ ਰਿਵਰ ਕਲੋਨੀ, ਮੈਨੀਟੋਬਾ ਵਿਖੇ ਹੋਇਆ ਸੀ। ਕਾਨੂੰਨ ਤੇ ਧਰਮ ਦੀ ਉੱਚ ਵਿੱਦਿਆ ਹਾਸਿਲ ਕਰਕੇ, ਉਸ ਨੇ ਆਪਣੇ ਲੋਕਾਂ ਲਈ, ਕੈਨੇਡਾ ਦੀ ਨਸਲੀ ਸਰਕਾਰ ਖਿਲਾਫ਼ ਫੈਸ ਖੜ੍ਹੀ ਕੀਤੀ। ਕੈਨੇਡਾ ਦੀ ਉਸ ਵੇਲੇ ਦੀ ਨਸਲਵਾਦੀ ਅਤੇ ਬਸਤੀਵਾਦੀ ਸਰਕਾਰ ਵੱਲੋਂ ਲੂਈ ਰਿਆਲ ਨੂੰ ਰਜਾਈਨਾ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ।16 ਨਵੰਬਰ 2018 ਨੂੰ ਬੀਸੀ ਵਿਧਾਨ ਸਭਾ ਵਿਖੇ ਲੂਈ ਰਿਆਲ ਦਿਵਸ ਮਨਾਇਆ ਗਿਆ ਅਤੇ ਇਸ ਮੌਕੇ 'ਤੇ ਪ੍ਰੋਕਲੇਮੇਸ਼ਨ ਵੀ ਜਾਰੀ ਕੀਤਾ ਗਿਆ। ਲੂਈ ਰਿਆਲ 'ਸਾਡਾ' ਸਾਰਿਆਂ ਦਾ ਨਾਇਕ ਹੈ, ਜਿਸ ਨੇ ਨਸਲਵਾਦ ਖਿਲਾਫ਼ ਜੰਗ ਲੜੀ ;

"ਜਾਨ ਵਾਰ ਕੇ ਵੱਢਿਆ, ਨਸਲਵਾਦ ਦਾ ਜਾਲ।
ਫਾਂਸੀ ਚੜ੍ਹਿਆ ਹੱਕ ਲਈ, 'ਸਾਡਾ' ਲੂਈ ਰੀਅਲ।"

ਆਓ, ਹੁਣ ਵਿਚਾਰੀਏ ਕੈਨੇਡਾ ਅਤੇ ਅਮਰੀਕਾ ਵਿੱਚ ਵਸਦੇ ਗ਼ਦਰੀ ਯੋਧਿਆਂ ਦਾ ਆਜ਼ਾਦੀ ਦੇ ਸੰਘਰਸ਼ ਲਈ ਜੂਝਣ ਜੂਝ ਮਰਨ ਦਾ ਇਤਿਹਾਸਿਕ ਬਿਰਤਾਂਤ। ਅੱਜ-ਕੱਲ 'ਸਰਕਾਰੀ ਅਤੇ ਦਰਬਾਰੀ' ਲੋਕਾਂ ਵੱਲੋਂ ਇਹ ਬਿਰਤਾਂਤ ਜ਼ੋਰ-ਸ਼ੋਰ ਨਾਲ ਘੜਿਆ ਜਾ ਰਿਹਾ ਹੈ ਕਿ ਕੀ ਵਿਦੇਸ਼ਾਂ 'ਚ ਰਹਿੰਦੇ ਹੋਏ ਵੀ ਆਪਣੇ ਦੇਸ ਲਈ ਆਜ਼ਾਦੀ ਦਾ ਸੰਘਰਸ਼ ਲੜਿਆ ਜਾ ਸਕਦਾ ਹੈ ਅਤੇ ਸਰਕਾਰੀ ਜਬਰ ਖਤਮ ਕੀਤਾ ਜਾ ਸਕਦਾ ਹੈ? ਜੀ ਹਾਂ, ਅਜਿਹਾ ਬਿਲਕੁਲ ਹੋ ਸਕਦਾ ਹੈ। ਮਿਸਾਲ ਦੇਖਣੀ ਹੋਵੇ, ਤਾਂ ਗ਼ਦਰ ਲਹਿਰ ਦੇ ਮਹਾਨ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸੈਂਕੜੇ ਉਹਨਾਂ ਯੋਧਿਆਂ ਤੋਂ ਮਿਲਦੀ ਹੈ, ਜਿਨ੍ਹਾਂ ਨੇ ਅਮਰੀਕਾ ਅਤੇ ਕੈਨੇਡਾ ਆ ਕੇ ਪਹਿਲਾਂ ਨਸਲਵਾਦ ਅਤੇ ਬਸਤੀਵਾਦ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਮਗਰੋਂ ਇੱਥੋਂ ਹੀ ਬ੍ਰਿਟਿਸ਼ ਇੰਡੀਆ ਸਰਕਾਰ ਦੇ ਖਿਲਾਫ ਐਲਾਨ-ਜੰਗ ਕੀਤਾ। ਇਹ ਗੱਲ ਕਹਿਣੀ ਉਚਿਤ ਹੋਵੇਗੀ ਕਿ ਕਿਸੇ ਦੇਸ ਦੀ ਜ਼ਾਲਮ ਸਰਕਾਰ ਅਤੇ ਗ਼ੁਲਾਮੀ ਦੇ ਖਾਤਮੇ ਲਈ ਕਿ ਬਾਹਰਲੇ ਦੇਸ਼ਾਂ ਤੋਂ ਸੰਘਰਸ਼ ਲੜਿਆ ਜਾ ਸਕਦਾ ਹੈ। ਅੱਜ ਵੀ ਭਾਰਤ ਵਿੱਚ ਸਿਆਸੀ ਚੇਰਾਂ ਦੇ ਵੱਸ ਪੈ ਕੇ ਕੁਰਲਾ ਰਹੇ ਦੇਸਵਾਸੀਆਂ ਲਈ ਸੰਘਰਸ਼ ਕਰਨ ਵਾਲੇ ਸ਼ਹੀਦ ਸਰਾਭਾ ਦੇ ਵਾਰਿਸ ਫਾਸ਼ੀਵਾਦੀ ਅਤੇ ਮਨੂਵਾਦੀ ਸਟੇਟ ਖ਼ਿਲਾਫ਼, ਵਿਦੇਸ਼ਾਂ ਦੀ ਧਰਤੀ ਤੋਂ ਗ਼ਦਰੀ ਬਾਬਿਆਂ ਦਾ ਇਤਿਹਾਸ ਦੁਹਰਾ ਰਹੇ ਹਨ।

ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ (19 ਸਾਲ 5 ਮਹੀਨੇ 23 ਦਿਨ) ਦੇ ਮਹਾਨ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਨੂੰ ਗ਼ਦਰ ਲਹਿਰ ਦਾ 'ਬਾਲਾ ਜਰਨੈਲ' ਅਤੇ ਤੂਫ਼ਾਨਾਂ ਦਾ ਸ਼ਾਹ-ਅਸਵਾਰ ਕਿਹਾ ਜਾਂਦਾ ਹੈ। ਭਾਈ ਕਰਤਾਰ ਸਿੰਘ ਸਰਾਭਾ ਦਾ ਜਨਮ ਪੰਜਾਬ ਵਿੱਚ ਜ਼ਿਲ੍ਹਾ ਲੁਧਿਆਣਾ 'ਚ ਪਿੰਡ ਸਰਾਭਾ ਦੇ ਬਾਬਾ ਬਚਨ ਸਿੰਘ ਦੇ ਪੁੱਤਰ ਸਰਦਾਰ ਮੰਗਲ ਸਿੰਘ ਦੇ ਗ੍ਰਹਿ ਵਿਖੇ, ਮਾਤਾ ਸਾਹਿਬ ਕੌਰ ਦੀ ਕੁੱਖੋਂ 24 ਮਈ 1896 ਨੂੰ ਹੋਇਆ। ਸ਼ਹੀਦ ਸਰਾਭਾ ਦੀ ਕੁਰਬਾਨੀ ਸੰਸਾਰ ਪੱਧਰ ਦੇ ਹੋਰਨਾਂ ਜੁਝਾਰੂਆਂ 'ਚੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ, ਬਲਕਿ ਦੇ ਰਤੀਆਂ ਵੱਧ ਕਹੀ ਜਾ ਸਕਦੀ ਹੈ ;

"ਚੇ ਗੇਵਾਰਾ ਵੀ ਸਹੀ, ਘੱਟ ਨਹੀਂ ਕਰਤਾਰ।
ਗ਼ਦਰ ਲਹਿਰ ਦੇ ਦੀਪ ਨੂੰ, ਭੁੱਲ ਬੈਠਾ ਸੰਸਾਰ।"

ਇਤਿਹਾਸ ਦੇ ਪੰਨੇ ਫਰੋਲੀਏ, ਤਾਂ ਪਤਾ ਲੱਗਦਾ ਹੈ ਕਿ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਚੜ੍ਹਦੀ ਜਵਾਨੀ ਵਿੱਚ ਅਮਰੀਕਾ ਪਹੁੰਚੇ। ਬੇਸ਼ਕ ਉਹ ਅਮਰੀਕਾ ਆਏ ਪੜ੍ਹਨ ਲਈ ਸਨ, ਪਰ ਗ਼ੁਲਾਮੀ ਦਾ ਅਹਿਸਾਸ ਹੁੰਦਿਆਂ ਹੀ, ਇਨਕਲਾਬ ਦੇ ਰਸਤੇ 'ਤੇ ਚੱਲ ਪਏ। ਤੀਖਣ ਬੁੱਧੀ ਦੇ ਮਾਲਕ ਹੁੰਦਿਆਂ ਆਪ ਪਹਿਲੀ ਨਵੰਬਰ 1913 ਵਿੱਚ ਆਰੰਭ ਹੋਏ 'ਗ਼ਦਰ' ਅਖਬਾਰ ਦੇ ਪੰਜਾਬੀ ਅੰਕ ਦੇ ਮੋਢੀ ਸੰਪਾਦਕ ਬਣੇ। ਇਸੇ ਦੌਰਾਨ ਸੰਨ 1914 ਵਿੱਚ ਦੇਸ ਨੂੰ ਫ਼ਿਰੰਗੀਆਂ ਤੋਂ ਆਜ਼ਾਦ ਕਰਵਾਉਣ ਲਈ ਅਮਰੀਕਾ ਅਤੇ ਕੈਨੇਡਾ ਤੋਂ ਗ਼ਦਰੀ ਯੋਧਿਆਂ ਨੇ ਪੰਜਾਬ ਨੂੰ ਚਾਲੇ ਪਾ ਦਿੱਤੇ। ਉੱਧਰ ਪਹਿਲਾ ਵਿਸ਼ਵ ਯੁੱਧ ਛਿੜਨ ਕਾਰਨ ਵੱਡੀ ਗਿਣਤੀ ਵਿੱਚ ਫਿਰੰਗੀ ਸੈਨਾ ਇੰਗਲੈਂਡ ਦੀ ਹਿਫਾਜ਼ਤ ਲਈ ਭੇਜੀ ਜਾ ਚੁੱਕੀ ਸੀ। ਇਹਨਾਂ ਹਾਲਤਾਂ ਨੂੰ ਸੁਨਹਿਰੀ ਮੌਕਾ ਸਮਝਦੇ ਆਂ ਹੋਏ ਸੰਨ 1914 ਵਿੱਚ ਗ਼ਦਰ ਪਾਰਟੀ ਦੁਆਰਾ ਵਿਦੇਸ਼ਾਂ 'ਚ ਬੈਠੇ ਗਦਰੀਆਂ ਨੂੰ ਦੇਸ ਪਰਤਣ ਦਾ ਸੱਦਾ ਦਿੱਤਾ ਗਿਆ ਸੀ। ਵਤਨ ਵਾਪਸੀ ਮਗਰੋਂ ਉੱਤਰੀ ਭਾਰਤ ਦੀਆਂ ਪ੍ਰਮੁੱਖ ਛਾਉਣੀਆਂ ਦੇ ਦੇਸੀ ਫ਼ੌਜੀਆਂ ਅੰਦਰ ਬਗ਼ਾਵਤ ਫ਼ੈਲਾਉਣ ਲਈ 'ਗ਼ਦਰ' ਅਖਬਾਰ ਰਾਹੀਂ ਕ੍ਰਾਂਤੀਕਾਰੀ ਸਾਹਿਤਕ ਵਿਚਾਰਾਂ ਨੂੰ, ਵੰਧ ਤੋਂ ਵੰਧ ਵਰਤੋਂ ਵਿਚ ਲਿਆਂਦਾ ਗਿਆ।

ਇਹ ਸੱਚ ਹੈ ਕਿ ਗ਼ਦਰ ਲਹਿਰ 'ਚ ਨੱਬੇ ਫ਼ੀਸਦੀ ਇਨਕਲਾਬੀ ਸਿੱਖ ਸਨ, ਬੇਸ਼ੱਕ ਗ਼ਦਰ ਪਾਰਟੀ ਅਤੇ ਗ਼ਦਰ ਲਹਿਰ ਵਿੱਚ ਸਭ ਧਰਮਾਂ ਨੂੰ ਸਮਾਨਤਾ ਦਿੱਤੀ ਗਈ ਸੀ। ਗ਼ਦਰ ਦੀਆਂ ਕਈ ਕੋਸ਼ਿਸ਼ਾਂ ਨੂੰ ਫਿਰੰਗੀ ਭਾਰਤੀ ਸਰਕਾਰ ਨੇ ਗੱਦਾਰਾਂ ਦੀਆਂ ਮੁੱਖਬਰੀਆਂ ਦੇ ਸਹਾਰੇ ਅਸਫਲ ਬਣਾ ਦਿੱਤਾ ਸੀ। ਅਜਿਹੀ ਸਥਿਤੀ ਵਿੱਚ ਗ਼ਦਰ ਲਹਿਰ ਦੇ ਆਗੂਆਂ ਨੇ ਵਿਚਾਰ ਕੀਤੀ ਕਿ ਗਦਰ ਲਹਿਰ ਨੂੰ ਸਰਕਾਰੀ ਪੰਜਿਆਂ ਦੀ ਪਕੜ ਤੋਂ ਬਚਾਇਆ ਜਾਵੇ ਤੇ ਸਮਾਂ ਪਾ ਕੇ ਫਿਰ ਤੋਂ ਦੇਸ਼-ਭਗਤਾਂ ਨੂੰ ਸੰਗਠਿਤ ਕੀਤਾ ਜਾਏ। ਨੈਣਵਾਲ ਭਾਈ ਕਰਤਾਰ ਸਿੰਘ ਸਰਾਭਾ ਤੇ ਭਾਈ ਹਰਨਾਮ ਸਿੰਘ ਟੁੰਡੀਲਾਟ ਨੇ ਰਾਸ ਬਿਹਾਰੀ ਬੋਸ ਨੂੰ ਪੁਲਿਸ ਹੱਥੋਂ ਬਚਾਉਣ ਲਈ ਲਾਹੌਰ ਸਟੇਸ਼ਨ ਤੇ ਪਹੁੰਚਾਇਆ, ਜਿੱਥੋਂ ਬੋਸ ਬਨਾਰਸ ਚੱਲਿਆ ਗਿਆ। ਮਗਰੋਂ ਉਹ ਸਰਕਾਰ ਤੋਂ ਬਚਦੇ-ਬਚਾਉਂਦੇ ਜਾਪਾਨ ਪਹੁੰਚ ਗਿਆ, ਜਿੱਥੇ ਕੁੱਝ ਸਮਾਂ ਬਾਅਦ ਬੋਸ ਦੀ ਮੌਤ ਹੋ ਗਈ। ਏਧਰ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਲਾਇਲਪੁਰ ਚਲੇ ਗਏ ਤੇ ਉੱਥੋਂ ਪਠਾਣਾਂ ਦਾ ਭੇਸ ਬਦਲ ਕੇ ਪੇਸ਼ਾਵਰ ਦੇ ਕਬਾਇਲੀ ਇਲਾਕੇ ਵਿੱਚ ਪਹੁੰਚ ਗਏ।

ਪੇਸ਼ਾਵਰ 'ਚ ਭਾਈ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਸਾਥੀ ਪੂਰੀ ਤਰਾਂ ਸੁਰੱਖਿਅਤ ਸਨ, ਪਰ ਇਕ ਸਮੇਂ ਅਚਾਨਕ ਹੀ ਉਨਾਂ ਗ਼ਦਰ ਦੀ ਗੂੰਜ ਵਿ



ਕਲਾਸੀਫਾਈਡ/Clasified

ਹਮਦਰਦ ਅਖਬਾਰ ਜਾਂ Hamdard TV ਚ ਆਪਣਾ ਇਸ਼ਤਿਹਾਰ ਜਾਂ ਕਲਾਸੀਫਾਈਡ ਦੇ ਕੇ ਪੂਰੀ ਦੁਨੀਆਂ ਤੱਕ ਪਹੁੰਚ ਕਰੋ

Contact: 905-791-9999
Whatsapp: 604-807-8610 / +91-98141-80582
Email: ads@hamdardtv.ca



PLACE YOUR AD IN HAMADARD VICHOLA PROGRAM FOR BEST RESULTS

ਲੜਕੀ ਦੀ ਲੋੜ



ਅਮਰੀਕਾ ਦੇ ਜੰਮਪਲ, ਜੱਟ ਸਿੱਖ, ਉਮਰ 30 ਸਾਲ, ਕੱਦ 6'-1", ਅਮਰੀਕਾ ਦੀ ਟੌਪ ਦੀ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਕਰਕੇ ਸਿਆਟਲ 'ਚ ਸੌਫਟਵੇਅਰ ਇੰਜੀਨੀਅਰਿੰਗ ਟੈਕਨੌਲਜੀ ਦੀ ਨਾਮਵਰ ਕੰਪਨੀ 'ਚ ਵੱਡੀ ਪੁਜੀਸ਼ਨ ਤੇ ਜੌਬ ਕਰ ਰਹੇ ਚੰਗੀ ਪਰਸਨੈਲਟੀ ਦੇ ਮਾਲਕ ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ, ਜੱਟ ਸਿੱਖ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਯੋਗ ਲੜਕੀ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਪਿਛਲੇ 35 ਸਾਲਾਂ ਤੋਂ ਅਮਰੀਕਾ ਵਿਚ ਵੈਲ ਸੈਟਲਡ ਹੈ।ਲੜਕਾ ਵਧੀਆ ਪ੍ਰਾਪਰਟੀ ਦਾ ਮਾਲਕ ਹੈ। ਅਮਰੀਕਾ 'ਚ ਵਰਕ ਪਰਮਿਟ ਤੇ ਕੰਮ ਕਰਦੀ ਜਾਂ ਵਿਜ਼ਟਰ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਕਰਨ ਲਈ 1-206-856-5391 ਤੇ ਫੋਨ ਕੀਤਾ ਜਾ ਸਕਦਾ ਹੈ।ਸੀਰੀਅਸ ਇਨਕੁਆਰੀ ਵਾਲੇ ਹੀ ਫੋਨ ਕਰਨ।-1880

****

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ ਜੱਟ ਸਿੱਖ ਸਿੱਧੂ, ਉਮਰ 29 ਸਾਲ, ਕੱਦ 5'-11", ਮਾਸਟਰ ਇਨ ਕੌਮਰਸ ਡਿਗਰੀ ਹੋਲਡਰ, ਪੇਂਡੂ ਤੇ ਸ਼ਹਿਰੀ ਜਾਇਦਾਦ ਤੋਂ ਇਲਾਵਾ ਲੁਧਿਆਣਾ ਤੋਂ ਜਗਰਾਉਂ ਜੀ ਟੀ ਰੋਡ ਤੇ 8 ਏਕੜ ਜ਼ਮੀਨ ਦੇ ਮਾਲਕ, ਭੈਣ ਕੈਨੇਡਾ 'ਚ ਨਰਸ ਦੇ ਤੌਰ ਤੇ ਕੰਮ ਕਰ ਰਹੀ ਹੈ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੀ ਆਰ ਜਾਂ ਸ਼ਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੇ ਡੈਡੀ ਜੀ ਦੀ ਡੈਥ ਹੋ ਚੁੱਕੀ ਹੈ ਤੇ ਮਾਤਾ ਜੀ ਕੈਨੇਡਾ 'ਚ ਸੁਪਰ ਵੀਜ਼ੇ ਤੇ ਆਏ ਹੋਏ ਹਨ ਤੇ ਭੂਆ ਜੀ ਦਾ ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਤੇ ਵੀ ਵਿਚਾਰ ਕੀਤੀ ਜਾਵੇਗੀ। ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ ਅਮਰੀਕਾ 'ਚ 1-661-246-8559 ਜਾਂ ਫਿਰ ਕੈਨੇਡਾ 'ਚ ਵਟਸ ਐਪ ਤੇ 1-519-328-8198 ਤੇ ਫੋਨ ਕੀਤਾ ਜਾ ਸਕਦਾ ਹੈ।-1879

****

ਅਮਰੀਕਾ 'ਚ ਇੰਜੀਨੀਅਰ ਦੇ ਤੌਰ ਤੇ ਕੰਮ ਕਰ ਰਹੇ, ਕਸ਼ੱਤਰੀ ਹਿੰਦੂ, ਉਮਰ 27 ਸਾਲ, ਕੱਦ 5'-11", ਕੰਪਿਊਟਰ ਸਾਇੰਸ 'ਚ ਮਾਸਟਰ ਡਿਗਰੀ ਕਰਕੇ ਆਰਟੀਫੀਸ਼ਲ ਇੰਟੈਲੀਜੈਂਸ ਇੰਜੀਨੀਅਰ ਦੇ ਤੌਰ ਤੇ ਲਾਸਏਂਜਲਸ 'ਚ ਵਧੀਆ ਜੌਬ ਕਰ ਰਹੇ ਹੈਂਡਸਮ,ਨਸ਼ਿਆ ਤੋਂ ਰਹਿਤ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੰਦਰ-ਸ਼ੁਸੀਲ, ਪਰਿਵਾਰਕ ਲੜਕੀ ਦੀ ਲੋੜ ਹੈ।ਰਿਸ਼ਤਾ ਜੋੜਨ ਦੇ ਚਾਹਵਾਨ ਵਟਸ ਐਪ ਤੇ ਇੰਡੀਆ 'ਚ +91-85560-00411 ਜਾਂ ਫਿਰ +91-86998-12345 ਤੇ ਫੋਨ ਕੀਤਾ ਜਾ ਸਕਦਾ ਹੈ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।-1879

****

ਕੈਨੇਡੀਅਨ ਬੌਰਨ, ਉਮਰ 27 ਸਾਲ, ਕੱਦ 6 ਫੁੱਟ, ਪ੍ਰੋਫੈਸ਼ਨਲੀ ਕੁਆਲੀਫਾਈਡ, ਸੀ ਪੀ ਏ ਕਰਕੇ ਗੌਰਮਿੰਟ ਦੀ ਜੌਬ ਕਰ ਰਹੇ ਨਸ਼ਿਆ ਤੋਂ ਰਹਿਤ, ਹੈਂਡਸਮ, ਕੈਨੇਡਾ 'ਚ 30 ਸਾਲਾਂ ਤੋਂ ਵੈਲ ਸੈਟਲਡ ਪਰਿਵਾਰ ਦੇ ਲੜਕੇ ਲਈ ਜੱਟ ਸਿੱਖ, ਬਰਾਬਰ ਦੀ ਯੋਗਤਾਂ ਰੱਖਦੀ ਉਚੀ ਲੰਮੀ, ਪਰਵਾਰ ਨਾਲ ਰਹਿਣ ਦੀ ਚਾਹਵਾਨ, ਸੋਹਣੀ-ਸੁਨੱਖੀ, ਖਾਨਦਾਨੀ ਪਰਿਵਾਰ ਦੀ ਲੜਕੀ ਦੀ ਲੋੜ ਹੈ।ਗਰੇਟਰ ਟਰਾਂਟੇ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ ਜਾਂ ਕੋਈ ਜੀ ਟੀ ਏ ਵਿੱਚ ਮੂਵ ਹੋਣ ਦੀ ਚਾਹਵਾਨ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 437-463-9495 ਤੇ ਫੋਨ ਕਰ ਸਕਦੇ ਹਨ।-1879

****

ਕੈਨੇਡੀਅਨ ਪੀ ਆਰ, ਜੱਟ ਸਿੱਖ, 1990 ਬੌਰਨ, ਕੱਦ 5'-10", ਤਲਾਕਸ਼ੁਦਾ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਲਈ ਕੈਨੇਡਾ/ਇੰਡੀਆ ਤੋਂ ਪੜ੍ਹੀ ਲਿਖੀ ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ 1-780-686-7337 ਤੇ ਫੋਨ ਕੀਤਾ ਜਾ ਸਕਦਾ ਹੈ।-1878

****

ਅਮਰੀਕਨ ਸ਼ਿਟੀਜਨ, ਜੱਟ ਸਿੱਖ, ਉਮਰ 29 ਸਾਲ, ਕੱਦ 5'-10", ਬੀ ਐਸ ਸੀ ਨਰਸਿੰਗ, ਇਸ ਸਮੇਂ ਰਜਿਸਟਰਡ ਨਰਸ ਵਜੋਂ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ ਤੇ ਅਮਰੀਕਾ ਵਿਚ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਅਮਰੀਕਾ ਤੋਂ ਸ਼ਿਟੀਜਨ/ਗਰੀਨ ਕਾਰਡ ਹੋਲਡਰ, ਬਰਾਬਰ ਦੀ ਯੋਗਤਾ ਵਾਲੀ ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਲੜਕੇ ਦਾ ਪਰਿਵਾਰ ਅਮਰੀਕਾ ਵਿਚ ਲੰਮੇਂ ਸਮੇਂ ਤੋਂ ਵੈਲ ਸੈਟਲਡ ਹੈ।ਮੋਗਾ, ਬਠਿੰਡਾ, ਬਰਨਾਲਾ ਏਰੀਏ ਨੂੰ ਪਹਿਲ।ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ।ਹੋਰ ਵਧੇਰੇ ਜਾਣਕਾਰੀ ਲਈ 1-559-644-3331 ਤੇ ਫੋਨ ਕੀਤਾ ਜਾ ਸਕਦਾ ਹੈ।-1878

****

ਕੈਨੇਡੀਅਨ ਜੰਮਪਲ ਰਾਮਗੜ੍ਹੀਆ ਸਿੱਖ, 1993 ਬੌਰਨ, ਕੱਦ 5'-6", ਇਲੈਕਟੀਕਲ ਇੰਜਨੀਅਰਿੰਗ ਡਿਗਰੀ ਹੋਲਡਰ, ਟੀ ਟੀ ਸੀ ਨਾਲ ਗੌਰਮਿੰਟ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਜੀ ਟੀ ਏ ਨੂੰ ਪਹਿਲ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਅਤੇ ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ।ਹੋਰ ਵਧੇਰੇ ਜਾਣਕਾਰੀ ਲਈ 647-297-5114 ਤੇ ਫੋਨ ਕੀਤਾ ਜਾ ਸਕਦਾ ਹੈ।-1878

****

ਕੈਨੇਡੀਅਨ ਜੰਮਪਲ, ਰਾਮਗੜ੍ਹੀਆ ਸਿੱਖ, 1996 ਬੌਰਨ, ਹਾਈਟ 5'-6", ਬੀ ਕਾਮ ਡਿਗਰੀ ਹੋਲਡਰ ਐਮਾਜੋਨ ਕੰਪਨੀ ਵਿਚ ਸੁਪਰਵਾਈਜ਼ਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਦਸਤਾਰਧਾਰੀ ਲੜਕੇ ਲਈ ਕੈਨੇਡਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਰਾਮਗੜ੍ਹੀਆ ਜਾਂ ਜੱਟ ਸਿੱਖ ਪਰਿਵਾਰ ਦੀ ਲੜਕੀ ਦੀ ਲੋੜ ਹੈ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਕੈਨੇਡਾ 'ਚ ਕੰਮ ਕਰ ਰਹੀ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਲੜਕੇ ਦਾ ਪਰਿਵਾਰ ਕੈਨੇਡਾ ਵਿਚ ਲੰਮੇਂ ਸਮੇਂ ਤੋਂ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ 1-365-773-4026 ਤੇ ਫੋਨ ਕੀਤਾ ਜਾ ਸਕਦਾ ਹੈ।-1877

****

ਜੱਟ ਸਿੱਖ ਬੈਂਸ, 1990 ਬੌਰਨ, ਹਾਈਟ 5'-11", ਬੀ ਏ ਡਿਪਲੋਮਾ ਇਨ ਐਫ ਐਚ ਟੀ, 6 ਸਾਲ ਜਪਾਨ ਦੀ ਕੰਪਨੀ ਵਿਚ ਕੰਮ ਕਰ ਚੁੱਕੇ, ਇੰਡੀਆ 'ਚ ਕਾਫੀ ਪ੍ਰਾਪਰਟੀ ਤੇ ਵਧੀਆ ਬਿਜਨੈਸ ਦੇ ਮਾਲਕ ਹੈਂਡਸਮ, ਨਸ਼ਿਆ ਤੋਂ ਰਹਿਤ, ਦਸਤਾਰਧਾਰੀ, ਨੈਵਰ ਮੈਰਿਡ, ਇੰਡੀਆ ਰਹਿੰਦੇ ਲੜਕੇ ਲਈ ਅਮਰੀਕਾ/ਕੈਨੇਡਾ/ਇੰਡੀਆ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਲੜਕੇ ਦੇ ਰਿਸ਼ਤੇਦਾਰ ਅਮਰੀਕਾ ਤੇ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਹੋਰ ਵਧੇਰੇ ਪੁੱਛਗਿੱਛ ਲਈ ਇੰਡੀਆ 'ਚ +91-98722-76376 ਜਾਂ 1-559-718-4224 ਤੇ ਫੋਨ ਕੀਤਾ ਜਾ ਸਕਦਾ ਹੈ।-1877

****

ਅਮਰੀਕਾ ਦੇ ਸ਼ਿਟੀਜਨ, ਜੱਟ ਸਿੱਖ, ਉਮਰ 29 ਸਾਲ, ਕੱਦ 6 ਫੁੱਟ, ਮੰਗਲੀਕ, ਹੈਂਡਸਮ, ਅਮਰੀਕਾ ਦੀ ਟੌਪ ਯੂਨੀਵਰਸਿਟੀ ਤੋਂ ਚਾਰ ਸਾਲਾ ਡਿਗਰੀ ਹੋਲਡਰ, ਅਮਰੀਕਾ ਵਿਚ ਰੈਂਟਲ ਪ੍ਰਾਪਰਟੀਆਂ ਤੇ ਗੈਸ ਸਟੇਸ਼ਨਾਂ ਦੇ ਮਾਲਕ ਲੜਕੇ ਲਈ ਜੱਟ ਸਿੱਖ, ਮੰਗਲੀਕ, ਪਰਿਵਾਰਕ ਘੱਟੋ ਘੱਟ 5'-5" ਕੱਦ, ਉਮਰ 23 ਤੋਂ 27 ਸਾਲ ਦੇ ਵਿਚਕਾਰ ਵਾਲੀ ਲੜਕੀ ਦੀ ਲੋੜ ਹੈ।ਲੜਕੇ ਦਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਅਮਰੀਕਾ ਵਿਚ ਆਈ ਲੜਕੀ ਤੇ ਵੀ ਵਿਚਾਰ ਕੀਤਾ ਜਾਵੇਗਾ।ਮਾਲਵਾ ਇਲਾਕੇ ਨੂੰ ਪਹਿਲ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-937-986-8822 ਤੇ ਫੋਨ ਕੀਤਾ ਜਾ ਸਕਦਾ ਹੈ।-1877

****

ਇੰਡੀਆ ਰਹਿੰਦੇ ਜੱਟ ਸਿੱਖ ਬਾਜਵਾ, 1986 ਬੌਰਨ, ਕੱਦ 5'-8", ਪੜ੍ਹੇ ਲਿਖੇ, ਚੰਗੀ ਪਰਸਨੈਲਟੀ ਦੇ ਮਾਲਕ, ਨਸ਼ਿਆ ਤੋਂ ਰਹਿਤ, ਨੈਵਰ ਮੈਰਿਡ, ਵੈਲ ਸੈਟਲਡ ਲੜਕੇ ਲਈ ਕੈਨੇਡਾ/ਅਮਰੀਕਾ/ਇੰਡੀਆ ਤੋਂ ਪਰਿਵਾਰਕ ਘਰੇਲੂ ਲੜਕੀ ਦੀ ਲੋੜ ਹੈ।ਲੜਕੇ ਦੀਆਂ ਦੋਵੇਂ ਭੈਣਾਂ ਕੈਨੇਡਾ ਵਿਚ ਵੈਲ ਸੈਟਲਡ ਹਨ।ਬਿਨਾਂ ਬੱਚੇ ਤੋਂ ਤਲਾਕਸ਼ੁਦਾ, ਵਿਧਵਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਇੰਡੀਆ 'ਚ +91-70878-63685 ਜਾਂ ਫਿਰ ਅਮਰੀਕਾ 'ਚ 1-559-718-4224 ਤੇ ਫੋਨ ਕੀਤਾ ਜਾ ਸਕਦਾ ਹੈ।-1877

****

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, 1984 ਬੌਰਨ, ਕੱਦ 5'-11", ਤਲਾਕਸ਼ੁਦਾ, ਬੀਟੈਕ, ਐਮ ਟੈਕ ਕਰਕੇ ਆਈ ਟੀ ਦੀ ਵਧੀਆ ਜੌਬ ਕਰ ਰਹੇ, ਸ਼ਹਿਰੀ ਪ੍ਰਾਪਰਟੀ ਦੇ ਮਾਲਕ ਬਰੈਂਪਟਨ ਵਿਚ ਰਹਿੰਦੇ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ ਸੋਹਣੀ, ਪਰਿਵਾਰਕ, ਖਾਨਦਾਨੀ ਪਰਿਵਾਰ ਦੀ ਲੜਕੀ ਦੀ ਲੋੜ ਹੈ।ਪੰਜਾਬ ਦੇ ਮਾਲਵਾ ਅਤੇ ਕੈਨੇਡਾ ਰਹਿੰਦੇ ਪਰਿਵਾਰ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ ਕੈਨੇਡਾ 'ਚ 647-563-8372 ਜਾਂ ਫਿਰ ਇੰਡੀਆ 'ਚ +91-98553-66766 ਤੇ ਫੋਨ ਕੀਤਾ ਜਾ ਸਕਦਾ ਹੈ।-1877

****

ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਹੇ ਜੱਟ ਸਿੱਖ, ਉਮਰ 28 ਸਾਲ, ਕੱਦ 6'-1", ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ ਵਿਚ ਕਾਫੀ ਪ੍ਰਾਪਰਟੀ ਦੇ ਮਾਲਕ, ਟਰੱਕਿੰਗ ਦੀ ਵਧੀਆ ਜੌਬ ਕਰਦੇ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਸ਼ਿਟੀਜਨ/ਪੀ ਆਰ ਲੜਕੀ ਦੀ ਲੋੜ ਹੈ।ਵਰਕ ਪਰਮਿਟ ਤੇ ਕੈਨੇਡਾ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਲੜਕੇ ਦੇ ਪਰਿਵਾਰ ਨਾਲ 416-558-7696 ਤੇ ਫੋਨ ਕੀਤਾ ਜਾ ਸਕਦਾ ਹੈ।-1877

****

ਕੈਨੇਡੀਅਨ ਸ਼ਿਟੀਜਨ, ਸੈਣੀ ਸਿੱਖ, ਉਮਰ 37 ਸਾਲ, ਕੱਦ 5'-9", ਨੈਵਰ ਮੈਰਿਡ, ਨਿਆਗਰਾ ਕਾਲਜ ਤੋਂ ਗਰੈਜੂਏਟ, ਇਲੈਕਟ੍ਰੋ ਮਕੈਨਿਕ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ ਤੇ ਕੈਨੇਡਾ ਵਿਚ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਲੜਕੇ ਦਾ ਪਰਿਵਾਰ ਛੋਟਾ ਹੈ ਤੇ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਗੱਲਬਾਤ ਲਈ 647-297-0369 ਤੇ ਫੋਨ ਕੀਤਾ ਜਾ ਸਕਦਾ ਹੈ।-1877

****

ਕੈਨੇਡੀਅਨ ਜੰਮਪਲ, ਜੱਟ ਸਿੱਖ, 1983 ਬੌਰਨ, ਹਾਈਟ 6 ਫੁੱਟ, ਸੀ ਪੀ ਏ, ਸੀ ਏ ਆਡਿਟਰ, ਆਪਣੇ ਹੀ ਫੀਲਡ 'ਚ ਵਧੀਆ ਜੌਬ ਕਰਦੇ ਤੇ ਨਾਲੋਂ ਨਾਲ ਵਧੀਆ ਬਿਜਨੈਸ ਕਰ ਰਹੇ ਵੈਲ ਸੈਟਲਡ, ਵੈਲ ਐਜੂਕੇਟਿਡ, ਖਾਨਦਾਨੀ ਪਰਿਵਾਰ ਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਚੰਗੀ ਪਰਸਨੈਲਟੀ ਦੇ ਮਾਲਕ, ਨੈਵਰ ਮੈਰਿਡ, ਇੰਡੀਆ ਤੇ ਕੈਨੇਡਾ ਵਿਚ ਚੰਗੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਪੜ੍ਹੀ ਲਿਖੀ, ਸੋਹਣੀ-ਸੁਨੱਖੀ ਲੜਕੀ ਦੀ ਲੋੜ ਹੈ।ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਖੇਚਲ ਨਾ ਕਰਨ। ਆਪਣੀ ਫੋਟੋ ਤੇ ਬਾਇਓ ਡਾਟਾ ਵਟਸ ਐਪ ਤੇ ਭੇਜ ਕੇ ਸਵੇਰੇ 10 ਵਜੇ ਤੋਂ ਬਾਅਦ ਟਰਾਂਟੋ ਸਮੇਂ ਮਤਾਬਿਕ 1-418-478-5035 ਤੇ ਫੋਨ ਕਰ ਸਕਦੇ ਹੋ।-1876

****

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਸ਼ਿਟੀਜਨਸ਼ਿਪ ਅਪਲਾਈਡ, ਰਾਜਪੂਤ ਸਿੱਖ, 1997 ਬੌਰਨ, ਹਾਈਟ 6'-2", ਪੜ੍ਹੇ ਲਿਖੇ, ਆਪਣਾ ਟਰੱਕਿੰਗ ਦਾ ਵਧੀਆ ਬਿਜਨੈਸ ਕਰਦੇ ਇੰਡੀਆ ਵਿਚ ਪ੍ਰਾਪਰਟੀ ਦੇ ਮਾਲਕ, ਵਿਆਹ ਤੋਂ ਕੁਝ ਸਮਾਂ ਬਾਅਦ ਹੀ ਬੇਕਸੂਰ ਤਲਾਕਸ਼ੁਦਾ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਲੰਮੀ, ਪਰਿਵਾਰਕ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਲੜਕੇ ਦੀ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ ਤੇ ਮਾਤਾ ਪਿਤਾ ਦਾ ਵੀ ਕੈਨੇਡਾ ਦਾ ਵਿਜ਼ਟਰ ਵੀਜ਼ਾ ਲੱਗਿਆ ਹੋਇਆ ਹੈ।ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 647-922-7872 ਤੇ ਫੋਨ ਕੀਤਾ ਜਾ ਸਕਦਾ ਹੈ।-1876

****

ਕੈਨੇਡੀਅਨ ਜੰਮਪਲ, ਸੈਣੀ ਸਿੱਖ, 1997 ਬੌਰਨ, ਕੱਦ 5'-8", ਜੀ ਟੀ ਏ ਵਿਚ ਹਾਈ ਸਕੂਲ ਟੀਚਰ ਦੀ ਵਧੀਆ ਜੌਬ ਕਰਦੇ ਹੈਂਡਸਮ, ਕਲੀਨਸ਼ੇਵ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਗਰੇਟਰ ਟਰਾਂਟੋ ਏਰੀਏ 'ਚ ਰਹਿੰਦੀ ਲੜਕੀ ਨੂੰ ਪਹਿਲ।ਲੜਕੇ ਦਾ ਪਰਿਵਾਰ ਪਿਛਲੇ 28 ਸਾਲਾਂ ਤੋਂ ਕੈਨੇਡਾ 'ਚ ਵੈਲ ਸੈਟਲਡ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਗਲਤੀ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅ

ਕੁਲਗਾਮ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਲਸ਼ਕਰ ਦੇ ਕਮਾਂਡਰ ਸਮੇਤ ਦੋ ਅੱਤਵਾਦੀ ਢੇਰ



ਸ੍ਰੀਨਗਰ : ਜੰਮੂ-ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਦੇ ਲਾਰੂ ਇਲਾਕੇ ਵਿੱਚ ਸੁਰੱਖਿਆ ਬਲਾਂ ਨੇ ਮੁਕਾਬਲੇ ਦੌਰਾਨ ਲਸ਼ਕਰ-ਏ-ਤੋਇਬਾ ਦੇ ਕਮਾਂਡਰ ਸਮੇਤ ਦੋ ਅੱਤਵਾਦੀਆਂ ਨੂੰ ਮਾਰ ਮੁਕਾਇਆ ਹੈ। ਮਾਰੇ ਗਏ ਅੱਤਵਾਦੀਆਂ ਦੀ ਪਛਾਣ ਲਸ਼ਕਰ ਦੇ ਕਮਾਂਡਰ ਲਤੀਫ ਭੱਟ ਅਤੇ ਉਸ ਦੇ ਸਾਥੀ ਉਮਰ ਵਜੋਂ ਹੋਈ ਹੈ। ਕਸ਼ਮੀਰ ਜ਼ੋਨ ਪੁਲਿਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਦੀ ਪੁਸ਼ਟੀ ਕੀਤੀ ਹੈ।

ਸੀ.ਆਰ.ਪੀ.ਐੱਫ. ਦੀ ਚੌਕੀ 'ਤੇ ਕੀਤੀ ਸੀ 30 ਰਾਊਂਡ ਫਾਇਰਿੰਗ

ਜਾਣਕਾਰੀ ਅਨੁਸਾਰ, ਦੋਵਾਂ ਅੱਤਵਾਦੀਆਂ ਨੇ ਪੰਜ ਦਿਨ ਪਹਿਲਾਂ ਨੌਪੋਰਾ ਅਖਰਾਨ ਇਲਾਕੇ ਵਿੱਚ ਸੀ. ਆਰ. ਪੀ. ਐੱਫ. ਦੀ ਚੌਕੀ 'ਤੇ ਤਾਇਨਾਤ ਜਵਾਨਾਂ ਨੂੰ ਨਿਸ਼ਾਨਾ ਬਣਾਉਂਦਿਆਂ ਕਰੀਬ 30 ਰਾਊਂਡ ਫਾਇਰਿੰਗ ਕੀਤੀ ਸੀ, ਜਿਸ ਵਿੱਚ ਤਿੰਨ ਜਵਾਨ ਜ਼ਖ਼ਮੀ ਹੋ ਗਏ ਸਨ। ਇਸ ਹਮਲੇ ਤੋਂ ਬਾਅਦ ਸੁਰੱਖਿਆ ਬਲਾਂ ਵੱਲੋਂ ਹਮਲਾਵਰਾਂ ਦੀ ਭਾਲ ਲਈ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਸੀ। ਇਕ ਫੌਜੀ ਅਧਿਕਾਰੀ ਮੁਤਾਬਕ, ਅੱਤਵਾਦੀਆਂ ਦੀ ਮੌਜੂਦਗੀ ਬਾਰੇ ਸੂਚਨਾ ਮਿਲਣ ਤੋਂ ਬਾਅਦ ਜੰਮੂ-ਕਸ਼ਮੀਰ ਪੁਲਿਸ ਅਤੇ ਸੁਰੱਖਿਆ ਬਲਾਂ ਦੀ ਸਾਂਝੀ ਟੀਮ ਨੇ ਲਾਰੂ ਇਲਾਕੇ ਦੀ ਘੇਰਾਬੰਦੀ ਕਰਕੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਇਸ ਦੌਰਾਨ ਸ਼ੱਕੀ ਟਿਕਾਣੇ ਨੇੜੇ ਪਹੁੰਚਣ 'ਤੇ ਲੁਕੇ ਹੋਏ ਅੱਤਵਾਦੀਆਂ ਨੇ ਸੁਰੱਖਿਆ ਬਲਾਂ 'ਤੇ ਗੋਲੀਬਾਰੀ ਕਰ ਦਿੱਤੀ, ਜਿਸ ਤੋਂ ਬਾਅਦ ਮੁਕਾਬਲਾ ਸ਼ੁਰੂ ਹੋ ਗਿਆ। ਕਰੀਬ ਤਿੰਨ ਘੰਟੇ ਤੱਕ ਚੱਲੇ ਮੁਕਾਬਲੇ ਤੋਂ ਬਾਅਦ ਦੋਵਾਂ ਅੱਤਵਾਦੀਆਂ ਨੂੰ ਮਾਰ ਦਿੱਤਾ ਗਿਆ। ਮੁਕਾਬਲੇ ਦੌਰਾਨ ਸੁਰੱਖਿਆ ਬਲਾਂ ਨੇ ਸਾਵਧਾਨੀ ਵਰਤਦਿਆਂ ਮੁਕਾਬਲੇ ਵਾਲੀ ਥਾਂ ਦੇ ਆਲੇ-ਦੁਆਲੇ ਸਥਿਤ ਸਕੂਲਾਂ ਵਿੱਚੋਂ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢਿਆ। ਜ਼ਿਕਰਯੋਗ ਹੈ ਕਿ 11 ਨਵੰਬਰ ਨੂੰ ਨੌਪੋਰਾ ਅਖਰਾਨ ਵਿੱਚ ਸੀ.ਆਰ.ਪੀ.ਐੱਫ. ਦੇ ਜਵਾਨਾਂ 'ਤੇ ਹੋਏ ਹਮਲੇ ਤੋਂ ਬਾਅਦ ਸੁਰੱਖਿਆ ਬਲ ਲਗਾਤਾਰ ਅੱਤਵਾਦੀਆਂ ਦੀ ਭਾਲ ਵਿੱਚ ਮੁਹਿੰਮ ਚਲਾ ਰਹੇ ਸਨ।

ਪੀ. ਐਮ. ਮੋਦੀ ਨੂੰ ਮੁੱਖ ਮੰਤਰੀ ਮਾਨ ਵਲੋਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਅਪੀਲ



ਚੰਡੀਗੜ੍ਹ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ ਦੀ ਮੰਗ ਨੇ ਇਕ ਵਾਰ ਫਿਰ ਜ਼ੋਰ ਫੜ ਲਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਧਿਆਨ ਵਿੱਚ ਰੱਖਦਿਆਂ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਿਆ ਜਾਵੇ, ਤਾਂ ਜੋ ਸੰਗਤਾਂ ਨੂੰ ਪਾਕਿਸਤਾਨ ਸਥਿਤ ਇਸ ਪਵਿੱਤਰ ਗੁਰਧਾਮ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਸਕੇ। ਮੁੱਖ ਮੰਤਰੀ ਮਾਨ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਸਮੁੱਚੀ ਨਾਨਕ ਨਾਮ ਲੇਵਾ ਸੰਗਤ ਹਰ ਰੋਜ਼ ਅਰਦਾਸ ਕਰਦੀ ਹੈ ਕਿ ਉਸ ਨੂੰ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰਨ ਦਾ ਸੁਭਾਗ ਪ੍ਰਾਪਤ ਹੋਵੇ। ਉਨ੍ਹਾਂ ਕਿਹਾ ਕਿ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਡੂੰਘੀ ਆਸ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਵਿਧਾਨ ਸਭਾ ਵਿੱਚ ਵੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਸਬੰਧੀ ਮਤਾ ਪਾਸ ਕੀਤਾ ਜਾ ਚੁੱਕਾ ਹੈ।

ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਦੇਸ਼-ਵਿਦੇਸ਼ ਵਿੱਚ ਵੱਸਦੀ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਕੇਂਦਰ ਸਰਕਾਰ ਇਸ ਸਬੰਧੀ ਜਲਦ ਸਕਾਰਾਤਮਕ ਫੈਸਲਾ ਲਵੇਗੀ ਅਤੇ ਸ਼ਰਧਾਲੂਆਂ ਲਈ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਰਾਹ ਮੁੜ ਖੋਲ੍ਹਿਆ ਜਾਵੇਗਾ।

ਐਸ. ਆਈ. ਆਰ. 'ਤੇ ਚੋਣ ਕਮਿਸ਼ਨ ਤੋਂ ਜਵਾਬ ਮੰਗਣ ਲਈ ਸੁਪਰੀਮ ਕੋਰਟ ਪਹੁੰਚੇ ਰਾਹੁਲ ਗਾਂਧੀ



ਨਵੀਂ ਦਿੱਲੀ : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਵਿਰੋਧੀ ਗਠਜੋੜ 'ਇੰਡੀਆ' ਦੇ ਹੋਰ ਆਗੂਆਂ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੋਧ (ਐੱਸ.ਆਈ.ਆਰ.) ਦੇ ਮੁੱਦੇ 'ਤੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਉਨ੍ਹਾਂ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਕੇ ਚੋਣ ਕਮਿਸ਼ਨ ਨੂੰ ਇਸ ਪ੍ਰਕਿਰਿਆ ਸਬੰਧੀ 48 ਸਵਾਲਾਂ ਦੀ ਪ੍ਰਸ਼ਨਾਵਲੀ ਭੇਜਣ ਅਤੇ ਉਨ੍ਹਾਂ ਦੇ ਜਵਾਬ ਦੇਣ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਹੈ। ਰਾਹੁਲ ਗਾਂਧੀ ਅਤੇ 'ਇੰਡੀਆ' ਗਠਜੋੜ ਦੇ ਆਗੂਆਂ ਨੇ ਮੁੱਖ ਚੋਣ ਕਮਿਸ਼ਨਰ, ਚੋਣ ਕਮਿਸ਼ਨ ਅਤੇ ਸਬੰਧਤ ਅਧਿਕਾਰੀਆਂ ਲਈ 48 ਸਵਾਲ ਤਿਆਰ ਕੀਤੇ ਹਨ। ਇਹ ਸਵਾਲ ਦੇਸ਼ ਭਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੋਧ ਸਬੰਧੀ ਫੈਸਲਾ ਲੈਣ ਦੀ ਪ੍ਰਕਿਰਿਆ ਨਾਲ ਜੁੜੇ ਹੋਏ ਹਨ। ਪਟੀਸ਼ਨ ਵਿੱਚ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਚੋਣ ਕਮਿਸ਼ਨ ਦੇ ਡਿਪਟੀ ਚੋਣ ਕਮਿਸ਼ਨਰ ਸਮੇਤ ਹੋਰ ਸਬੰਧਤ ਅਧਿਕਾਰੀਆਂ ਨੂੰ ਹਲਫ਼ਨਾਮੇ ਰਾਹੀਂ ਜਵਾਬ ਦਾਖ਼ਲ ਕਰਨ ਦੇ ਨਿਰਦੇਸ਼ ਦੇਵੇ। ਇਨ੍ਹਾਂ ਸਵਾਲਾਂ ਵਿੱਚ ਐੱਸ. ਆਈ. ਆਰ. ਨੂੰ ਮਨਜ਼ੂਰੀ ਦੇਣ ਦੀ ਪ੍ਰਕਿਰਿਆ, ਵੋਟਰ ਸੂਚੀਆਂ ਵਿੱਚੋਂ ਲੋਕਾਂ ਦੇ ਨਾਂ ਹਟਾਉਣ ਅਤੇ ਆਨਲਾਈਨ ਪ੍ਰਣਾਲੀ ਵਿੱਚ ਕੀਤੀਆਂ ਤਬਦੀਲੀਆਂ ਬਾਰੇ ਸਪੱਸ਼ਟੀਕਰਨ ਮੰਗਿਆ ਗਿਆ ਹੈ।

ਇਸ ਤੋਂ ਇਲਾਵਾ ਪਟੀਸ਼ਨਕਰਤਾਵਾਂ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਚੋਣ ਕਮਿਸ਼ਨ ਦੇ ਪੋਰਟਲ 'ਤੇ ਐੱਸ.ਆਈ.ਆਰ. ਸਬੰਧੀ ਕੀਤੀਆਂ ਤਬਦੀਲੀਆਂ ਦਾ ਪੂਰਾ ਵੇਰਵਾ ਵੀ ਮੁਹੱਈਆ ਕਰਵਾਇਆ ਜਾਵੇ। ਰਾਹੁਲ ਗਾਂਧੀ ਨੇ ਦਲੀਲ ਦਿੱਤੀ ਹੈ ਕਿ ਚੋਣ ਕਮਿਸ਼ਨ ਵੱਲੋਂ ਪਹਿਲਾਂ ਦਿੱਤੇ ਗਏ ਜਵਾਬ ਵਿੱਚ ਉਨ੍ਹਾਂ ਅਧਿਕਾਰੀਆਂ ਦੀ ਪਛਾਣ ਸਪੱਸ਼ਟ ਨਹੀਂ ਕੀਤੀ ਗਈ, ਜਿਨ੍ਹਾਂ ਨੇ ਫਾਰਮ-6 ਦੇ ਆਨਲਾਈਨ ਰੂਪ ਵਿੱਚ ਤਬਦੀਲੀਆਂ ਕਰਨ ਦੀ ਮਨਜ਼ੂਰੀ ਦਿੱਤੀ ਸੀ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਐੱਸ. ਆਈ. ਆਰ. ਦੀ ਪੂਰੀ ਪ੍ਰਕਿਰਿਆ ਅਤੇ ਇਸ ਨਾਲ ਸਬੰਧਤ ਤਬਦੀਲੀਆਂ ਬਾਰੇ ਸਪੱਸ਼ਟ ਜਾਣਕਾਰੀ ਸਾਹਮਣੇ ਆਉਣੀ ਚਾਹੀਦੀ ਹੈ।

ਘਰੇਲੂ ਬਿਜਲੀ ਖ਼ਪਤਕਾਰਾਂ ਲਈ ਬਕਾਇਆ ਬਿੱਲਾਂ 'ਤੇ 100 ਫ਼ੀਸਦੀ ਜੁਰਮਾਨਾ ਤੇ ਵਿਆਜ ਮੁਆਫ਼ : ਬਿਜਲੀ ਮੰਤਰੀ ਸੌਂਦ



ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਘਰੇਲੂ ਬਿਜਲੀ ਖਪਤਕਾਰਾਂ ਨੂੰ ਵੱਡੀ ਰਾਹਤ ਦੇਣ ਲਈ ਵਿਸ਼ੇਸ਼ ਯਕਮੁਸ਼ਤ ਨਿਪਟਾਰਾ (ਓ.ਟੀ.ਐੱਸ.) ਸਕੀਮ ਲਾਗੂ ਕੀਤੀ ਜਾ ਰਹੀ ਹੈ। ਇਸ ਤਹਿਤ ਖਪਤਕਾਰ ਆਪਣੇ ਬਕਾਇਆ ਬਿਜਲੀ ਬਿੱਲਾਂ ਦਾ ਭੁਗਤਾਨ ਬਿਨਾਂ ਕਿਸੇ ਲੇਟ ਪੇਮੈਂਟ ਸਰਚਾਰਜ ਅਤੇ ਵਿਆਜ ਤੋਂ ਕਰ ਸਕਣਗੇ। ਇਹ ਜਾਣਕਾਰੀ ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਵੱਲੋਂ ਇਹ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ।

ਇਸ ਦਾ ਉਦੇਸ਼ ਘਰੇਲੂ ਖਪਤਕਾਰਾਂ ਨੂੰ ਵਿੱਤੀ ਰਾਹਤ ਦੇਣਾ ਅਤੇ ਬਕਾਇਆ ਬਿਜਲੀ ਬਿੱਲਾਂ ਦਾ ਨਿਪਟਾਰਾ ਕਰਨ ਲਈ ਸੁਵਿਧਾਜਨਕ ਮੌਕਾ ਪ੍ਰਦਾਨ ਕਰਨਾ ਹੈ। ਬਿਜਲੀ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ ਉਨ੍ਹਾਂ ਘਰੇਲੂ ਖਪਤਕਾਰਾਂ ਨੂੰ ਵੀ ਮਿਲੇਗਾ, ਜਿਨ੍ਹਾਂ ਦੇ ਬਿਜਲੀ ਕੁਨੈਕਸ਼ਨ ਬਕਾਇਆ ਬਿੱਲਾਂ ਕਾਰਨ ਕੱਟੇ ਜਾ ਚੁੱਕੇ ਹਨ। ਸਕੀਮ ਵਪਾਰਕ ਸਰਕੂਲਰ ਜਾਰੀ ਹੋਣ ਦੀ ਮਿਤੀ ਤੋਂ 45 ਦਿਨਾਂ ਤੱਕ ਲਾਗੂ ਰਹੇਗੀ।

ਇਸ ਤਹਿਤ ਖਪਤਕਾਰਾਂ ਨੂੰ ਸਿਰਫ਼ ਬਿਜਲੀ ਬਿੱਲਾਂ ਦੀ ਮੂਲ ਬਕਾਇਆ ਰਕਮ ਹੀ ਅਦਾ ਕਰਨੀ ਪਵੇਗੀ, ਜਦਕਿ 100 ਫ਼ੀਸਦੀ ਲੇਟ ਪੇਮੈਂਟ ਸਰਚਾਰਜ ਅਤੇ ਵਿਆਜ ਮੁਆਫ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਖਪਤਕਾਰਾਂ ਦੀ ਸਹੂਲਤ ਲਈ ਬਕਾਇਆ ਰਕਮ ਕਿਸ਼ਤਾਂ ਵਿੱਚ ਅਦਾ ਕਰਨ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸ ਤਹਿਤ 25 ਫ਼ੀਸਦੀ ਰਕਮ ਤੁਰੰਤ ਜਮ੍ਹਾਂ ਕਰਵਾਉਣੀ ਹੋਵੇਗੀ, ਜਦਕਿ ਬਾਕੀ 75 ਫ਼ੀਸਦੀ ਰਕਮ ਵੱਧ ਤੋਂ ਵੱਧ ਛੇ ਮਹੀਨਾਵਾਰ ਕਿਸ਼ਤਾਂ ਵਿੱਚ ਅਦਾ ਕੀਤੀ ਜਾ ਸਕੇਗੀ। ਸੌਂਦ ਅਨੁਸਾਰ ਇਸ ਯੋਜਨਾ ਨਾਲ ਸੂਬੇ ਦੇ ਲਗਭਗ 24.86 ਲੱਖ ਘਰੇਲੂ ਬਿਜਲੀ ਖਪਤਕਾਰਾਂ ਨੂੰ ਲਾਭ ਮਿਲਣ ਦੀ ਉਮੀਦ ਹੈ। ਇਨ੍ਹਾਂ ਖਪਤਕਾਰਾਂ ਵੱਲ ਕੁੱਲ 2,516 ਕਰੋੜ ਰੁਪਏ ਦੇ ਬਿਜਲੀ ਬਿੱਲ ਬਕਾਇਆ ਹਨ, ਜਿਨ੍ਹਾਂ ਵਿੱਚੋਂ ਲਗਭਗ 518 ਕਰੋੜ ਰੁਪਏ ਦੇ ਸਰਚਾਰਜ ਅਤੇ ਵਿਆਜ ਦੀ ਮੁਆਫ਼ੀ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸਕੀਮ ਦਾ ਲਾਭ ਸਿਰਫ਼ 31 ਮਾਰਚ 2026 ਜਾਂ ਇਸ ਤੋਂ ਪਹਿਲਾਂ ਦੇ ਬਕਾਇਆ ਬਿੱਲਾਂ 'ਤੇ ਹੀ ਮਿਲੇਗਾ।

ਪੀ.ਐੱਸ.ਪੀ.ਸੀ.ਐੱਲ. ਵੱਲੋਂ ਅਗਲੇ ਸੱਤ ਦਿਨਾਂ ਦੇ ਅੰਦਰ ਸਾਰੇ ਯੋਗ ਖਪਤਕਾਰਾਂ ਨੂੰ ਵਿਸ਼ੇਸ਼ ਓ.ਟੀ.ਐੱਸ. ਬਿੱਲ ਭੇਜੇ ਜਾਣਗੇ। ਇਨ੍ਹਾਂ ਬਿੱਲਾਂ ਵਿੱਚ ਮੂਲ ਬਕਾਇਆ ਰਕਮ, ਮੁਆਫ਼ ਕੀਤੇ ਗਏ ਸਰਚਾਰਜ ਅਤੇ ਸਕੀਮ ਤਹਿਤ ਅਦਾ ਕੀਤੀ ਜਾਣ ਵਾਲੀ ਰਕਮ ਦਾ ਵੇਰਵਾ ਦਿੱਤਾ ਜਾਵੇਗਾ। ਮੰਤਰੀ ਨੇ ਕਿਹਾ ਕਿ ਖਪਤਕਾਰਾਂ ਵੱਲੋਂ ਆਨਲਾਈਨ ਭੁਗਤਾਨ ਕਰਨ ਤੋਂ ਬਾਅਦ ਬਿਜਲੀ ਬਿੱਲ ਆਪਣੇ ਆਪ ਅਪਡੇਟ ਹੋ ਜਾਵੇਗਾ। ਉਨ੍ਹਾਂ ਘਰੇਲੂ ਬਿਜਲੀ ਖਪਤਕਾਰਾਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

ਬਿਲਕਿਸ ਬਾਨੋ ਗੈਂਗਰੇਪ ਤੇ ਕਤਲ ਮਾਮਲੇ 'ਚ ਦੋ ਦੋਸ਼ੀਆਂ ਦੀ ਸਜ਼ਾ ਹੋਈ ਮੁਅੱਤਲ



ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਬਿਲਕਿਸ ਬਾਨੋ ਸਮੂਹਿਕ ਜਬਰ-ਜ਼ਨਾਹ ਅਤੇ ਕਤਲ ਮਾਮਲੇ ਵਿੱਚ ਉਮਰਕੈਦ ਦੀ ਸਜ਼ਾ ਕੱਟ ਰਹੇ ਦੋ ਦੋਸ਼ੀਆਂ ਨੂੰ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਦੋਵਾਂ ਦੀ ਸਜ਼ਾ ਮੁਅੱਤਲ ਕਰਦਿਆਂ ਕਿਹਾ ਕਿ ਉਹ 17 ਸਾਲ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾ ਚੁੱਕੇ ਹਨ। ਇਨ੍ਹਾਂ ਵਿੱਚੋਂ ਇਕ ਦੋਸ਼ੀ ਗੰਭੀਰ ਰੂਪ ਵਿੱਚ ਦਿਵਿਆਂਗ ਹੈ। ਅਦਾਲਤ ਨੇ ਦੋਵਾਂ ਨੂੰ ਹੇਠਲੀ ਅਦਾਲਤ ਵੱਲੋਂ ਤੈਅ ਕੀਤੀਆਂ ਸ਼ਰਤਾਂ ਅਨੁਸਾਰ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ।

ਜਸਟਿਸ ਐੱਮ.ਐੱਮ. ਸੁੰਦਰੇਸ਼ ਅਤੇ ਜਸਟਿਸ ਪ੍ਰਸੰਨਾ ਬੀ. ਵਰਾਲੇ ਦੀ ਬੈਂਚ ਨੇ ਦੋਸ਼ੀਆਂ ਬਿਪਿਨਚੰਦਰ ਜੋਸ਼ੀ ਅਤੇ ਪ੍ਰਦੀਪ ਮੋਧੀਆ ਵੱਲੋਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਇਹ ਫੈਸਲਾ ਸੁਣਾਇਆ। ਦੋਵਾਂ ਨੇ ਬੰਬੇ ਹਾਈ ਕੋਰਟ ਦੇ ਸਾਲ 2017 ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਉਨ੍ਹਾਂ ਦੀ ਉਮਰਕੈਦ ਦੀ ਸਜ਼ਾ ਬਰਕਰਾਰ ਰੱਖੀ ਗਈ ਸੀ। ਸੁਣਵਾਈ ਦੌਰਾਨ ਦੋਸ਼ੀਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਿਧਾਰਥ ਲੂਥਰਾ ਨੇ ਅਦਾਲਤ ਨੂੰ ਦੱਸਿਆ ਕਿ ਦੋਵੇਂ ਦੋਸ਼ੀ 17 ਸਾਲ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾ ਚੁੱਕੇ ਹਨ। ਉਨ੍ਹਾਂ ਇਹ ਵੀ ਦਲੀਲ ਦਿੱਤੀ ਕਿ ਇਕ ਦੋਸ਼ੀ ਦਾ ਨਾਂ ਐੱਫ.ਆਈ.ਆਰ. ਵਿੱਚ ਸ਼ਾਮਲ ਨਹੀਂ ਸੀ ਅਤੇ ਘਟਨਾ ਤੋਂ ਕਰੀਬ ਤਿੰਨ ਸਾਲ ਬਾਅਦ ਉਸ ਨੂੰ ਇਸ ਮਾਮਲੇ ਵਿੱਚ ਮੁਲਜ਼ਮ ਬਣਾਇਆ ਗਿਆ ਸੀ।

ਇਸ ਤੋਂ ਇਲਾਵਾ ਇਕ ਦੋਸ਼ੀ ਦੇ ਗੰਭੀਰ ਰੂਪ ਵਿੱਚ ਦਿਵਿਆਂਗ ਹੋਣ ਦਾ ਹਵਾਲਾ ਵੀ ਦਿੱਤਾ ਗਿਆ। ਦੂਜੇ ਪਾਸੇ, ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਟਰ ਜਨਰਲ ਰਾਜਾ ਠਾਕਰੇ ਨੇ ਜ਼ਮਾਨਤ ਦੀ ਮੰਗ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਹੇਠਲੀ ਅਦਾਲਤ ਅਤੇ ਹਾਈ ਕੋਰਟ ਦੋਵੇਂ ਮਾਮਲੇ ਨਾਲ ਸਬੰਧਤ ਸਬੂਤਾਂ 'ਤੇ ਵਿਚਾਰ ਕਰ ਚੁੱਕੀਆਂ ਹਨ। ਅਪਰਾਧ ਦੀ ਗੰਭੀਰਤਾ ਨੂੰ ਦੇਖਦਿਆਂ ਦੋਸ਼ੀਆਂ ਨੂੰ ਰਾਹਤ ਨਹੀਂ ਦਿੱਤੀ ਜਾਣੀ ਚਾਹੀਦੀ।

ਧਮਕੀਆਂ ਦੇ ਬਾਵਜੂਦ ਇੰਦੌਰ ਪਹੁੰਚੇ ਦਿਲਜੀਤ ਦੋਸਾਂਝ ਦਿੱਤੀ ਪਰਫਾਰਮੇਂਸ, ਵਿਵਾਦਾਂ ਵਾਲੇ ਗੀਤ ਵੀ ਗਾਏ



ਇੰਦੌਰ : ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਐਤਵਾਰ ਨੂੰ ਆਰ.ਡੀ.ਐਕਸ. ਧਮਾਕੇ ਦੀਆਂ ਧਮਕੀਆਂ ਦੇ ਬਾਵਜੂਦ ਇੰਦੌਰ ਪਹੁੰਚੇ ਅਤੇ ਆਪਣੇ ਸ਼ਾਨਦਾਰ ਕੰਸਰਟ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਦੌਰਾਨ ਉਨ੍ਹਾਂ ਨੇ ਮਸ਼ਹੂਰ ਸ਼ਾਇਰ ਰਾਹਤ ਇੰਦੌਰੀ ਦਾ ਸ਼ੇਅਰ ਪੜ੍ਹ ਕੇ ਧਮਕੀਆਂ ਦੇਣ ਵਾਲਿਆਂ ਨੂੰ ਵੀ ਮੰਚ ਤੋਂ ਜਵਾਬ ਦਿੱਤਾ। ਦਿਲਜੀਤ ਨੇ ਕਿਹਾ, "ਜੇਕਰ ਖ਼ਿਲਾਫ਼ ਹਨ ਤਾਂ ਹੋਣ ਦਿਓ, ਜਾਨ ਥੋੜ੍ਹੀ ਹੈ। ਇਹ ਸਭ ਧੂੰਆਂ ਹੈ, ਕੋਈ ਆਸਮਾਨ ਥੋੜ੍ਹੀ ਹੈ। ਸਾਰਿਆਂ ਦਾ ਖ਼ੂਨ ਸ਼ਾਮਲ ਹੈ ਇੱਥੋਂ ਦੀ ਮਿੱਟੀ ਵਿੱਚ, ਕਿਸੇ ਦੇ ਬਾਪ ਦਾ ਹਿੰਦੋਸਤਾਨ ਥੋੜ੍ਹੀ ਹੈ।" ਉਨ੍ਹਾਂ ਨੇ ਕਿਹਾ ਕਿ ਇੰਦ

2027 ਦੀਆਂ ਚੋਣਾਂ ’ਚ ਲੋਕ ਭਲਾਈ ਤੇ ਪੰਜਾਬ ਦਾ ਵਿਕਾਸ ਹੋਵੇਗਾ ‘ਆਪ’ ਦਾ ਮੁੱਖ ਏਜੰਡਾ : ਭਗਵੰਤ ਮਾਨ



ਤਰਨ ਤਾਰਨ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੀ ਮੁਹਿੰਮ ਲੋਕ ਭਲਾਈ, ਵਿਕਾਸ ਅਤੇ ਲੋਕਾਂ ਨਾਲ ਜੁੜੇ ਮੁੱਦਿਆਂ ’ਤੇ ਕੇਂਦਰਿਤ ਹੋਵੇਗੀ। ਪੱਟੀ ਵਿਧਾਨ ਸਭਾ ਹਲਕੇ ਦੇ ਪਿੰਡ ਸਭਰਾ ਵਿਖੇ ਲੋਕ ਮਿਲਣੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਪੰਜਾਬ ਵਿੱਚ ਰੁਜ਼ਗਾਰ ਅਤੇ ਸਿੱਖਿਆ ਦੇ ਅਜਿਹੇ ਮੌਕੇ ਪੈਦਾ ਕਰਨਾ ਹੈ, ਤਾਂ ਜੋ ਨੌਜਵਾਨਾਂ ਨੂੰ ਬਿਹਤਰ ਭਵਿੱਖ ਲਈ ਵਿਦੇਸ਼ਾਂ ਵੱਲ ਨਾ ਜਾਣਾ ਪਵੇ। ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਪਿਛਲੇ ਚਾਰ ਸਾਲਾਂ ਵਿੱਚ ਨਹਿਰੀ ਪਾਣੀ ਦੀ ਵਰਤੋਂ 22 ਫ਼ੀਸਦੀ ਤੋਂ ਵਧਾ ਕੇ 88 ਫ਼ੀਸਦੀ ਕਰ ਦਿੱਤੀ ਗਈ ਹੈ ਅਤੇ ਸੂਬੇ ਵਿੱਚ 14 ਹਜ਼ਾਰ ਕਿਲੋਮੀਟਰ ਜ਼ਮੀਨਦੋਜ਼ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਅਗਲੇ ਛੇ ਮਹੀਨਿਆਂ ਵਿੱਚ 6 ਹਜ਼ਾਰ ਕਿਲੋਮੀਟਰ ਹੋਰ ਪਾਈਪਲਾਈਨਾਂ ਵਿਛਾਉਣ ਦਾ ਕੰਮ ਪੂਰਾ ਕੀਤਾ ਜਾਵੇਗਾ। ਇਸ ਨਾਲ ਧਰਤੀ ਹੇਠਲੇ ਪਾਣੀ ’ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਨਵੇਂ ਮੌਕੇ ਪੈਦਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਐਲਾਨ ਕੀਤਾ ਕਿ ਆਮ ਪਰਿਵਾਰਾਂ ਦੇ ਬੱਚਿਆਂ ਨੂੰ ਆਈ. ਏ. ਐੱਸ. ਅਤੇ ਆਈ. ਪੀ. ਐੱਸ. ਅਧਿਕਾਰੀ ਬਣਨ ਦਾ ਸੁਪਨਾ ਪੂਰਾ ਕਰਨ ਵਿੱਚ ਮਦਦ ਦੇਣ ਲਈ ਮੁਫ਼ਤ ਯੂ.ਪੀ.ਐੱਸ.ਸੀ. ਕੋਚਿੰਗ ਕੇਂਦਰ ਸਥਾਪਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਵੱਲੋਂ ਕਾਲਜ ਅਤੇ ਮੈਡੀਕਲ ਕਾਲਜ ਦੀ ਕੀਤੀ ਮੰਗ ਨੂੰ ਵੀ ਜਲਦ ਪੂਰਾ ਕਰਨ ਲਈ ਯਤਨ ਕੀਤੇ ਜਾਣਗੇ।

ਖੇਤੀਬਾੜੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਕਿਸਾਨਾਂ ਨੂੰ ਰਾਤ ਸਮੇਂ ਖੇਤਾਂ ਵਿੱਚ ਪਾਣੀ ਲਾਉਣ ਲਈ ਜਾਣਾ ਪੈਂਦਾ ਸੀ, ਪਰ ਸਰਕਾਰ ਨੇ ਸਵੇਰ ਤੋਂ ਸ਼ਾਮ 6 ਵਜੇ ਤੱਕ ਦਿਨ ਵੇਲੇ ਬਿਜਲੀ ਸਪਲਾਈ ਯਕੀਨੀ ਬਣਾਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਕਿਸਾਨਾਂ ਨੂੰ ਕੜਾਕੇ ਦੀ ਠੰਢ ਅਤੇ ਹੋਰ ਖ਼ਤਰਿਆਂ ਤੋਂ ਰਾਹਤ ਮਿਲੀ ਹੈ। ਸਿਆਸੀ ਵਿਰੋਧੀਆਂ ’ਤੇ ਨਿਸ਼ਾਨਾ ਸਾਧਦਿਆਂ ਭਗਵੰਤ ਮਾਨ ਨੇ ਕਿਹਾ ਕਿ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵਾਰੋ-ਵਾਰੀ ਸੱਤਾ ਵਿੱਚ ਰਹਿੰਦਿਆਂ ਲੋਕਾਂ ਦੇ ਹਿੱਤਾਂ ਨੂੰ ਤਰਜੀਹ ਨਹੀਂ ਦਿੱਤੀ। ਉਨ੍ਹਾਂ ਦਾਅਵਾ ਕੀਤਾ ਕਿ ਮਾਝੇ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਖੜ੍ਹੇ ਹਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਵੱਡਾ ਜਨਤਕ ਫਤਵਾ ਦੇਣਗੇ।

ਇਹ ਵੀ ਕਿਹਾ ਕਿ ਸਰਕਾਰ ਦਾ ਧਿਆਨ ਸਿਆਸੀ ਬਿਆਨਬਾਜ਼ੀ ਦੀ ਬਜਾਏ ਰੁਜ਼ਗਾਰ, ਸਿੱਖਿਆ, ਖੇਤੀਬਾੜੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ’ਤੇ ਹੈ। ਧਾਰਮਿਕ ਮੁੱਦਿਆਂ ਬਾਰੇ ਮੁੱਖ ਮੰਤਰੀ ਨੇ ’ਜਾਗਤ ਜੋਤ ਸਤਿਕਾਰ ਸੋਧ ਐਕਟ’ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਇਸ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਬੇਅਦਬੀ ਦੀ ਕੋਈ ਘਟਨਾ ਸਾਹਮਣੇ ਨਹੀਂ ਆਈ। ਉਨ੍ਹਾਂ ਧਾਰਮਿਕ ਸੰਸਥਾਵਾਂ ਦੇ ਪ੍ਰਬੰਧ ਅਤੇ ਐੱਸ.ਜੀ.ਪੀ.ਸੀ. ਦੀਆਂ ਚੋਣਾਂ ਨਾ ਕਰਵਾਏ ਜਾਣ ਸਬੰਧੀ ਵੀ ਸਵਾਲ ਉਠਾਏ। ਉਨ੍ਹਾਂ ’ਮਾਵਾਂ-ਧੀਆਂ ਸਤਿਕਾਰ ਯੋਜਨਾ’ ਦਾ ਜ਼ਿਕਰ ਕਰਦਿਆਂ ਕਿਹਾ ਕਿ ਔਰਤਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਦਾ ਉਪਰਾਲਾ ਹੈ। ਅੰਤ ਵਿੱਚ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਲੋਕ ਮਿਲਣੀ ਦੌਰਾਨ ਲੋਕਾਂ ਵੱਲੋਂ ਲਿਖਤੀ ਰੂਪ ਵਿੱਚ ਸੌਂਪੀਆਂ ਗਈਆਂ ਮੰਗਾਂ ਦੇ ਨਿਪਟਾਰੇ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਜਨਗਣਨਾ-2027 ਦੇ ਦੂਜੇ ਪੜਾਅ ਤਹਿਤ ਆਨਲਾਈਨ ਸਵੈ-ਗਣਨਾ ਦੀ ਕੀਤੀ ਸ਼ੁਰੂਆਤ



ਸੰਗਰੂਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਆਨਲਾਈਨ ਸਵੈ-ਗਣਨਾ ਦੀ ਪ੍ਰਕਿਰਿਆ ਪੂਰੀ ਕਰਦਿਆਂ ਜਨਗਣਨਾ-2027 ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਸੂਬੇ ਦੇ ਸਮੂਹ ਲੋਕਾਂ ਨੂੰ ਇਸ ਅਹਿਮ ਕੌਮੀ ਕਾਰਜ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ 16 ਤੋਂ 30 ਨਵੰਬਰ ਤੱਕ ਲੋਕ ਘਰ ਬੈਠੇ ਹੀ ਆਨਲਾਈਨ ਆਪਣੀ ਸਵੈ-ਗਣਨਾ ਕਰ ਸਕਦੇ ਹਨ। ਇਸ ਪ੍ਰਕਿਰਿਆ ਰਾਹੀਂ ਪਰਿਵਾਰਾਂ, ਪਰਿਵਾਰਕ ਮੈਂਬਰਾਂ, ਆਮਦਨ, ਸਿੱਖਿਆ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ ਸਬੰਧੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ।

ਇਹ ਅੰਕੜੇ ਪੰਜਾਬ ਦੀਆਂ ਭਵਿੱਖੀ ਯੋਜਨਾਵਾਂ ਅਤੇ ਵਿਕਾਸ ਨੀਤੀਆਂ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਵੈ-ਗਣਨਾ ਲਈ ਕਿਸੇ ਵੀ ਤਰ੍ਹਾਂ ਦੇ ਦਸਤਾਵੇਜ਼ ਦੀ ਲੋੜ ਨਹੀਂ ਹੋਵੇਗੀ ਅਤੇ ਲੋਕਾਂ ਵੱਲੋਂ ਦਿੱਤੀ ਗਈ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰੇਕ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਹੀ ਵੇਰਵੇ ਮੁਹੱਈਆ ਕਰਵਾਏ, ਤਾਂ ਜੋ ਸੂਬੇ ਦੇ ਵਿਕਾਸ ਲਈ ਸਹੀ ਯੋਜਨਾਬੰਦੀ ਕੀਤੀ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ 16 ਤੋਂ 30 ਨਵੰਬਰ ਤੱਕ ਆਨਲਾਈਨ ਸਵੈ-ਗਣਨਾ ਦੀ ਪ੍ਰਕਿਰਿਆ ਜਾਰੀ ਰਹੇਗੀ। ਇਸ ਤੋਂ ਬਾਅਦ 1 ਦਸੰਬਰ ਤੋਂ 4 ਜਨਵਰੀ ਤੱਕ ਗਣਨਾਕਾਰ ਘਰ-ਘਰ ਜਾ ਕੇ ਲੋਕਾਂ ਦੇ ਵੇਰਵੇ ਇਕੱਠੇ ਕਰਨਗੇ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੌਮੀ ਕਾਰਜ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲੈਣ ਅਤੇ ਸਰਕਾਰ ਨੂੰ ਸਹੀ ਜਾਣਕਾਰੀ ਦੇ ਕੇ ਸਹਿਯੋਗ ਦੇਣ।

ਧਰਮਕੋਟ ਨਗਰ ਕੌਂਸਲ ਚੋਣਾਂ : ਕਾਂਗਰਸ ਨੇ 7 ਵਾਰਡਾਂ ਤੋਂ ਉਮੀਦਵਾਰਾਂ ਦਾ ਕੀਤਾ ਐਲਾਨ



ਚੰਡੀਗੜ੍ਹ : ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸੇ ਤਹਿਤ ਪੰਜਾਬ ਕਾਂਗਰਸ ਨੇ ਨਗਰ ਕੌਂਸਲ ਧਰਮਕੋਟ ਦੇ 7 ਵਾਰਡਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਉਮੀਦਵਾਰਾਂ ਦੀ ਸੂਚੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪਰਗਟ ਸਿੰਘ ਵੱਲੋਂ ਜਾਰੀ ਕੀਤੀ ਗਈ ਹੈ।

ਪਾਰਟੀ ਵੱਲੋਂ ਜਾਰੀ ਦਫ਼ਤਰੀ ਹੁਕਮ ਅਨੁਸਾਰ ਵਾਰਡ ਨੰਬਰ 1 ਤੋਂ ਸੁਖਦੇਵ ਸਿੰਘ, ਵਾਰਡ ਨੰਬਰ 2 ਤੋਂ ਪੂਜਾ ਰਾਣੀ, ਵਾਰਡ ਨੰਬਰ 3 ਤੋਂ ਗੀਤਾ ਰਾਣੀ ਅਤੇ ਵਾਰਡ ਨੰਬਰ 4 ਤੋਂ ਅਮ੍ਰਿਤਪਾਲ ਕੌਰ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਇਸੇ ਤਰ੍ਹਾਂ ਵਾਰਡ ਨੰਬਰ 7 ਤੋਂ ਰੁਪਿੰਦਰ ਸਿੰਘ ਸਿੱਧੂ, ਵਾਰਡ ਨੰਬਰ 9 ਤੋਂ ਨਿਰਮਲ ਸਿੰਘ ਅਤੇ ਵਾਰਡ ਨੰਬਰ 13 ਤੋਂ ਨਵਦੀਪ ਕੌਰ ਨੂੰ ਪਾਰਟੀ ਨੇ ਆਪਣਾ ਉਮੀਦਵਾਰ ਬਣਾਇਆ ਹੈ। ਜਾਰੀ ਕੀਤੀ ਗਈ ਸੂਚੀ ਵਿੱਚ ਉਮੀਦਵਾਰਾਂ ਦੇ ਨਾਵਾਂ ਦੇ ਨਾਲ ਉਨ੍ਹਾਂ ਦੀ ਸ਼ੇਣੀ ਦਾ ਵੀ ਜ਼ਿਕਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਨਗਰ ਕੌਂਸਲ ਧਰਮਕੋਟ ਦੇ ਇਨ੍ਹਾਂ ਵਾਰਡਾਂ ਲਈ 28 ਨਵੰਬਰ ਨੂੰ ਵੋਟਿੰਗ ਹੋਵੇਗੀ। ਚੋਣਾਂ ਦੀ ਤਰੀਕ ਨੇੜੇ ਆਉਣ ਨਾਲ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਉਮੀਦਵਾਰਾਂ ਦੇ ਐਲਾਨ ਅਤੇ ਚੋਣ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ।

‘ਆਪ’ ਵੱਲੋਂ ਪਟਿਆਲਾ ਨਗਰ ਨਿਗਮ ਸਮੇਤ ਬਾਘਾਪੁਰਾਣਾ ਤੇ ਧਰਮਕੋਟ ਕੌਂਸਲ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ



ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਹੋਣ ਵਾਲੀਆਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਲਈ ਆਪਣੀਆਂ ਤਿਆਰੀਆਂ ਤੇਜ਼ ਕਰਦਿਆਂ ਨਗਰ ਨਿਗਮ ਪਟਿਆਲਾ ਅਤੇ ਨਗਰ ਕੌਂਸਲ ਬਾਘਾਪੁਰਾਣਾ ਤੇ ਧਰਮਕੋਟ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਉਮੀਦਵਾਰਾਂ ਦੀ ਸੂਚੀ ਦਾ ਐਲਾਨ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਅਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਵੱਲੋਂ ਕੀਤਾ ਗਿਆ। ਇਸ ਮੌਕੇ ਮਨੀਸ਼ ਸਿਸੋਦੀਆ ਅਤੇ ਅਮਨ ਅਰੋੜਾ ਨੇ ਐਲਾਨੇ ਗਏ ਉਮੀਦਵਾਰਾਂ ਨੂੰ ਵਧਾਈ ਦਿੱਤੀ ਅਤੇ ਚੋਣਾਂ ਵਿੱਚ ਪੂਰੀ ਮਿਹਨਤ ਤੇ ਦ੍ਰਿੜ੍ਹਤਾ ਨਾਲ ਮੁਕਾਬਲਾ ਕਰਨ ਲਈ ਪ੍ਰੇਰਿਤ ਕੀਤਾ। ਅਮਨ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਪੌਣੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਅਤੇ ਪ੍ਰਾਪਤੀਆਂ ਨੂੰ ਲੈ ਕੇ ਲੋਕਾਂ ਦੀ ਕਚਹਿਰੀ ਵਿੱਚ ਜਾਵੇਗੀ ਅਤੇ ਇਨ੍ਹਾਂ ਦੇ ਆਧਾਰ ’ਤੇ ਵੋਟਾਂ ਮੰਗੇਗੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਕੰਮਾਂ ਤੋਂ ਖੁਸ਼ ਹਨ ਅਤੇ ਇਨ੍ਹਾਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਦੇ ਨਾਲ-ਨਾਲ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਵੀ ਪਾਰਟੀ ਨੂੰ ਸਮਰਥਨ ਦੇਣਗੇ।

ਪੰਜਾਬ ਚੋਣਾਂ ਲਈ ਭਾਜਪਾ ਦੇ ਸਤੀਸ਼ ਪੂਨੀਆ ਦੀ ਪ੍ਰਧਾਨਗੀ ਹੇਠ ਮੈਨੀਫੈਸਟੋ ਕਮੇਟੀ ਦੀ ਪਹਿਲੀ ਮੀਟਿੰਗ

ਕਿਸਾਨਾਂ, ਨੌਜਵਾਨਾਂ, ਔਰਤਾਂ ਤੇ ਪੱਛੜੇ ਵਰਗਾਂ ਤੋਂ ਸੁਝਾਅ ਲੈ ਕੇ ਤਿਆਰ ਹੋਵੇਗਾ ਚੋਣ ਮਨੋਰਥ ਪੱਤਰ, ‘ਆਪ’ ਸਰਕਾਰ ਦੀਆਂ ਨਾਕਾਮੀਆਂ ’ਤੇ ਚਾਰਜਸ਼ੀਟ ਬਣਾਉਣ ਦੀ ਵੀ ਤਿਆਰੀ

ਨਵੀਂ ਦਿੱਲੀ : ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਭਾਜਪਾ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਵੱਲੋਂ ਚੋਣ ਮਨੋਰਥ ਪੱਤਰ (ਮੈਨੀਫੈਸਟੋ) ਅਤੇ ਚਾਰਜਸ਼ੀਟ ਕਮੇਟੀਆਂ ਦੇ ਗਠਨ ਦਾ ਐਲਾਨ ਕਰਨ ਤੋਂ ਇਕ ਦਿਨ ਬਾਅਦ ਹੀ ਕੇਂਦਰੀ ਲੀਡਰਸ਼ਿਪ ਨੇ ਦੋਵਾਂ ਕਮੇਟੀਆਂ ਦੀਆਂ ਪਹਿਲੀਆਂ ਮੀਟਿੰਗਾਂ ਕੀਤੀਆਂ।

ਇਨ੍ਹਾਂ ਮੀਟਿੰਗਾਂ ਦੀ ਪ੍ਰਧਾਨਗੀ ਪੰਜਾਬ ਭਾਜਪਾ ਦੇ ਇੰਚਾਰਜ ਸਤੀਸ਼ ਪੂਨੀਆ ਨੇ ਵਰਚੁਅਲ ਤਰੀਕੇ ਨਾਲ ਕੀਤੀ, ਜਦਕਿ ਸਹਿ-ਇੰਚਾਰਜ ਵਰਿੰਦਰ ਸਚਦੇਵਾ ਵੀ ਆਨਲਾਈਨ ਸ਼ਾਮਲ ਹੋਏ। ਮੈਨੀਫੈਸਟੋ ਕਮੇਟੀ ਦੀ ਮੀਟਿੰਗ ਵਿੱਚ ਇਸ ਦੇ ਚੇਅਰਮੈਨ ਅਵਿਨਾਸ਼ ਰਾਏ ਖੰਨਾ, ਭਾਜਪਾ ਦੇ ਕੌਮੀ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਸਾਬਕਾ ਸੂਬਾਈ ਮੰਤਰੀ ਮਨੋਰੰਜਨ ਕਾਲੀਆ ਅਤੇ ਰਾਣਾ ਗੁਰਮੀਤ ਸਿੰਘ ਸੋਢੀ, ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਅਤੇ ਸੂਬਾਈ ਆਗੂ ਅਸ਼ਵਨੀ ਸੇਖੜੀ ਸਮੇਤ ਕਮੇਟੀ ਦੇ ਹੋਰ ਮੈਂਬਰ ਮੌਜੂਦ ਰਹੇ। ਇਸ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਆਗੂਆਂ ਨੇ ਵੀ ਹਿੱਸਾ ਲਿਆ। ਇਨ੍ਹਾਂ ਵਿੱਚ ਸੰਸਦ ਮੈਂਬਰ ਰਾਘਵ ਚੱਢਾ, ਰਜਿੰਦਰ ਗੁਪਤਾ ਅਤੇ ਹਰਭਜਨ ਸਿੰਘ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੇ ਸਾਬਕਾ ਵਿਰੋਧੀ ਧਿਰ ਦੇ ਨੇਤਾ ਐੱਚ.ਐੱਸ. ਫੂਲਕਾ ਸ਼ਾਮਲ ਸਨ। ਸਟੇਟ ਸੈੱਲਾਂ ਦੀ ਸੰਯੁਕਤ ਕੋਆਰਡੀਨੇਟਰ ਪਰਮਪਾਲ ਕੌਰ ਨੇ ਵੀ ਮੀਟਿੰਗ ਵਿੱਚ ਸ਼ਿਰਕਤ ਕੀਤੀ।



ਲੋਕਾਂ ਦੇ ਸੁਝਾਵਾਂ ਨਾਲ ਤਿਆਰ ਹੋਵੇਗਾ ਮੈਨੀਫੈਸਟੋ

ਸੂਤਰਾਂ ਅਨੁਸਾਰ ਮੀਟਿੰਗ ਦੌਰਾਨ ਪਾਰਟੀ ਆਗੂਆਂ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਸਿੱਧਾ ਸੰਪਰਕ ਕਰਨ ਲਈ ਕਿਹਾ ਗਿਆ। ਇਸ ਵਿੱਚ ਕਿਸਾਨਾਂ, ਨੌਜਵਾਨਾਂ, ਔਰਤਾਂ, ਗਰੀਬਾਂ ਅਤੇ ਪੱਛੜੇ ਵਰਗਾਂ ਦੀਆਂ ਸਮੱਸਿਆਵਾਂ ਅਤੇ ਉਮੀਦਾਂ ਨੂੰ ਸਮਝ ਕੇ ਉਨ੍ਹਾਂ ਦੇ ਸੁਝਾਅ ਇਕੱਠੇ ਕਰਨ ’ਤੇ ਜ਼ੋਰ ਦਿੱਤਾ ਗਿਆ, ਤਾਂ ਜੋ ਇਨ੍ਹਾਂ ਨੂੰ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਅੱਗੇ ਪੇਸ਼ ਕੀਤਾ ਜਾ ਸਕੇ।

ਭਾਜਪਾ ਸੂਤਰਾਂ ਮੁਤਾਬਕ ਮੀਟਿੰਗ ਵਿੱਚ ਇਹ ਸਪੱਸ਼ਟ ਸੰਦੇਸ਼ ਦਿੱਤਾ ਗਿਆ ਕਿ ਪਾਰਟੀ ਅਜਿਹਾ ਚੋਣ ਮਨੋਰਥ ਪੱਤਰ ਤਿਆਰ ਕਰੇਗੀ, ਜਿਸ ਵਿੱਚ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਦੀ ਝਲਕ ਦਿਖਾਈ ਦੇਵੇ। ਇਸ ਦੇ ਨਾਲ ਹੀ ਕੀਤੇ ਜਾਣ ਵਾਲੇ ਵਾਅਦਿਆਂ ਨੂੰ ਅਮਲੀ ਰੂਪ ਦੇਣ ਲਈ ਇਕ ਠੋਸ ਰੋਡਮੈਪ ਵੀ ਪੇਸ਼ ਕੀਤਾ ਜਾਵੇਗਾ।

‘ਆਮ ਆਦਮੀ ਪਾਰਟੀ’ ਦੇ ਖ਼ਿਲਾਫ਼ ਚਾਰਜਸ਼ੀਟ ਤਿਆਰ ਕਰੇਗੀ ਭਾਜਪਾ

ਮੈਨੀਫੈਸਟੋ ਕਮੇਟੀ ਦੀ ਮੀਟਿੰਗ ਤੋਂ ਬਾਅਦ ਸਤੀਸ਼ ਪੂਨੀਆ ਨੇ ਸੂਬਾਈ ਚਾਰਜਸ਼ੀਟ ਕਮੇਟੀ ਦੀ ਮੀਟਿੰਗ ਦੀ ਵੀ ਪ੍ਰਧਾਨਗੀ ਕੀਤੀ। ਇਸ ਕਮੇਟੀ ਦੀ ਅਗਵਾਈ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਕਰ ਰਹੇ ਹਨ। ਇਸ ਕਮੇਟੀ ਨੂੰ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਕਥਿਤ ਨਾਕਾਮੀਆਂ ਬਾਰੇ ਵਿਸਤ੍ਰਿਤ ਰਿਪੋਰਟ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਰਿਪੋਰਟ ਵਿੱਚ ਖ਼ਾਸ ਤੌਰ ’ਤੇ ਭ੍ਰਿਸ਼ਟਾਚਾਰ, ਵਿਗੜਦੀ ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੇ ਮੁੱਦਿਆਂ ਨੂੰ ਸ਼ਾਮਲ ਕੀਤਾ ਜਾਵੇਗਾ। ਭਾਜਪਾ ਇਸ ਚਾਰਜਸ਼ੀਟ ਰਾਹੀਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੱ